ਮਾਸਿਕ ੧ਓ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਜੂਨ ੧੯੯੬



ਗੁਰਦੁਆਰਾ ਜਨਮ ਅਸਥਾਨ ਪਾ: ੬, ਗੁਰੂ ਕੀ ਵਡਾਲੀ (ਅੰਮ੍ਰਿਤਸਰ)

JUNE 1996

www.AKJ.org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤੱਤਕਰਾ


| | | | | | |
|---|---|---|---|---|---|
| ੧. | ਹੋਇ ਇਕਤ੍ਰ ਮਿਲਹੁ ਮੇਰੇ ਭਾਈ | ੧ | ੯. | ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ (੨) | ੧੯ |
| ੨ | ਅਰਥ ਵਿਆਖਿਆ | ੨ | ੧੦. | ਸਦਾ ਅੰਗ ਸੰਗੇ (੨) | ੨੧ |
| ੩. | ਸਹਿਜਧਾਰੀ (ਕਵਿਤਾ) | ੪ | ੧੧. | ਪੁਲਾੜ ਰੈਹਤ (੨) | ੨੬ |
| ੪. | ਸੱਚੀ ਸੁਰਮਤਾਈ | ੫ | ੧੨ | ਜੈਤਸਰੀ ਮਹਲਾ ੫ ਵਾਰ ਸਟੀਕ (੧) | ੨੯ |
| ੫. | ਅੰਮ੍ਰਿਤ ਦੀ ਸ਼ਕਤੀ | ੮ | ੧੩. | ਤੂੰ ਸ਼ਰਾਬ ਛੱਡ ਦੇ :ਗਰੀਬੀ ਤੈਨੂੰ ਛੱਡ ਜਾਵੇਗੀ | ੩੧ |
| ੬. | ਐਸੀ ਰਹਤ ਰਹਉ ਹਰਿ ਪਾਸਾ | ੧੨ | ੧੪. | A SONG OF BLISS (3) | ੩੬ |
| ੭. | ਦਲ ਭੰਜਨ ਗੁਰ ਸੂਰਮਾ (੨) | ੧੫ | ੧੫. | ਕਰਨਲ ਦਲਜੀਤ ਸਿੰਘ ਜੀ (ਮਿਠਾਪੁਰ) | ੩੮ |
| ੮. | ਸਾਬਤ ਸੂਰਤਿ ਦਸਤਾਰ ਸਿਰਾ | ੧੮ | | | |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਜਨਮ ਭਗਤ ਕਬੀਰ ਜੀ ੧ ਜੂਨ     ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ੨ ਜੂਨ     ਜਨਮ ਸਾਹਿਬਜ਼ਾਦਾ ਫਤਹਿ ਸਿੰਘ ੧੪ ਜੂਨ

### ਗ੍ਰੰਥੀ ਸਿੰਘ ਦੀ ਲੋੜ

ਗੁਰਮਤਿ ਸੰਚਾਰ ਕੇਂਦਰ (ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ) ਐਫ ਬਲਾਕ, ਨੇੜੇ ਸੀ.ਐਫ.ਸੀ. ਸਕੂਲ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਾਸਤੇ ਇੱਕ ਸ਼ਾਦੀਸ਼ੁਦਾ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕਿ ਲੜੀਵਾਰ ਸਰੂਪ ਤੇ ਪਾਠ ਅਤੇ ਗੁਰਬਾਣੀ ਕੀਰਤਨ ਵੀ ਕਰ ਸਕਦਾ ਹੋਵੇ। ਇੱਛਕ ਸੱਜਣ ਹੇਠ ਲਿਖੇ ਪਤੇ ਤੇ ੩੦ ਜੂਨ ਤੱਕ ਆਪਣੀਆਂ ਅਰਜ਼ੀਆਂ ਭੇਜ ਸਕਦੇ ਹਨ।

ਭਾਈ ਬਲਬੀਰ ਸਿੰਘ ਜੀ, ੨੩ – ਜੀ, ਸਰਾਭਾ ਨਗਰ, ਲੁਧਿਆਣਾ।

### ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਹੀ ਲਿਖ ਕੇ ਭੇਜਣ। ਰਚਨਾਵਾਂ ਵਿੱਚ ਦਰਜ ਤਾਰੀਖਾਂ, ਵਾਰ, ਮਹੀਨੇ, ਸੰਮਤ/ਸੰਨ, ਹਵਾਲੇ, ਗੁਰਬਾਣੀ ਦੀਆਂ ਪੰਗਤੀਆਂ ਪੰਨਾ ਨੰਬਰ ਸਮੇਤ, ਸੋਧ ਕੇ ਭੇਜੀਆਂ ਜਾਣ।

ਗੁਰਪੁਰਬ ਜਾਂ ਖਾਸ ਦਿਹਾੜੇ ਨਾਲ ਸਬੰਧਤ ਰਚਨਾਵਾਂ ਉਸ ਮਹੀਨੇ ਤੋ ਘੱਟੋ ਘੱਟ ਇਕ ਮਹੀਨਾ ਪਹਿਲਾਂ 'ਸੂਰਾ' ਦਫਤਰ ਵਿੱਚ ਪੁੱਜ ਜਾਣੀਆਂ ਚਾਹੀਦੀਆਂ ਹਨ।     –ਸੰਪਾਦਕ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ – ੧. ਮੁੱਖ ਦਫ਼ਤਰ "ਸੂਰਾ" – ਕੋਠੀ ਨੰ: ੧੨, ਬਲਾਕ ਆਈ., ਭਾਈ ਰਣਧੀਰ ਸਿੰਘ ਨਗਰ।
੨. ਸਬ ਆਫਿਸ "ਸੂਰਾ" – ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨ ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩ ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬ ਕਪੂਰਥਲਾ – ਭਾਈ ਚਰਨਪਾਲ ਸਿੰਘ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨ ਕਾਂਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮ ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫੋਨ: ੨੪੩੪੮, ੨੧੬੮੧.
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੪੫੫੭੮੭, ਘਰ: ੨੩੧੫੨੦.
੧੧ ਯਮੁਨਾਨਗਰ – ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ, ਪਿੰਨ ਕੋਡ– ੧੩੫੦੦੧, ਫੋਨ: ੨੬੨੧੭.
੧੨ ਸੰਗਰੂਰ – ੧. ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬.

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰ

੧. ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ 10-Lambourne Gardens, Earley Reading, Berks U.K. Tel. 01734-267900.
੨ ਅਮਰੀਕਾ–ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੭੨੨੬੨੧੨
੩. ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ, ਫ਼ੋਨ : ੧੮੦੦੬੬੩੦੨੨੪.
੪. ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ–ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨.

**ਸ: ਸੁਬੇਗ ਸਿੰਘ ਆਸਟਰੇਲੀਆ ਦਾ ਨਵਾਂ ਪਤਾ :**

7. VICTORIA ST. REVESBY N.S.W. SYDNEY, AUSTRALIA
Post Code-2212 Telephone Mobile 015222737 (Local (02) 7712413

### ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦/–, ੧੦੦/–,੧੫੦/–ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫਤਰ ਭੇਜ ਦੇਣ ਤਾਂ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

– ਸੰਪਾਦਕ


ਡਿਜ਼ਾਈਨ ਕਰਾਫਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਜੂਨ-੧੯੯੬ ਅੰਕ ੬



| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖੁ।।
ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰਿ ਦੇਖੁ।।੬।। (ਪੰਨਾ ੧੩੭੮)

(ਹੇ ਫਰੀਦ ! ਜੇ ਤੂੰ ਬਰੀਕ ਅਕਲ ਵਾਲਾ (ਸਮਝਦਾਰ) ਹੈਂ ਤਾਂ ਹੋਰਨਾਂ ਦੇ ਮੰਦੇ ਕਰਮਾਂ ਦੀ ਛਾਣ-ਬੀਣ ਨਾ ਕਰ, ਆਪਣੀ ਬੁੱਕਲ ਵਿੱਚ ਮੂੰਹ ਪਾ ਕੇ ਵੇਖ ਕਿ ਤੇਰੀਆਂ ਕਰਤੂਤਾਂ ਕੀ ਹਨ।)

# ਹੋਇ ਇਕਤ੍ਰ ਮਿਲਹੁ ਮੇਰੇ ਭਾਈ

ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ।।
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ।।੧।।
ਇਨ ਬਿਧਿ ਪਾਸਾ ਢਾਲਹੁ ਬੀਰ।।
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ, ਅੰਤ ਕਾਲਿ ਨਹ ਲਾਗੈ ਪੀਰ।।੧।। ਰਹਾਉ।।
ਕਰਮ ਧਰਮ ਤੁਮ ਚਉਪੜਿ ਸਾਜਹੁ, ਸਤੁ ਕਰਹੁ ਤੁਮ ਸਾਰੀ।।
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ, ਐਸੀ ਖੇਲ ਹਰਿ ਪਿਆਰੀ।।੨।।
ਉਠਿ ਇਸਨਾਨੁ ਕਰਹੁ ਪਰਭਾਤੇ, ਸੋਏ ਹਰਿ ਆਰਾਧੇ।।
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ, ਸੁਖ ਸਹਜ ਸੇਤੀ ਘਰਿ ਜਾਤੇ।।੩।।
ਹਰਿ ਆਪੇ ਖੇਲੈ ਆਪੇ ਦੇਖੈ, ਹਰਿ ਆਪੇ ਰਚਨੁ ਰਚਾਇਆ।।
ਜਨ ਨਾਨਕ ਗੁਰਮੁਖਿ ਜੋ ਨਰ ਖੇਲੈ, ਸੋ ਜਿਣਿ ਬਾਜੀ ਘਰਿ ਆਇਆ।।੪।।੧।।੧੯।।

(ਬਸੰਤ ਮ: ੫, ਘਰੁ ੨ ਹਿੰਡੋਲ, ਪੰਨਾ ੧੧੮੫)

ਪਦ ਅਰਥ :- ਹੋਇ ਇਕਤ੍ਰ-ਇਕੱਠੇ ਹੋ ਕੇ। ਦੁਬਿਧਾ-ਦੋਚਿੱਤੀ, ਮੇਰ ਤੇਰ। ਲਿਵ ਲਾਇ-ਸੁਰਤੀ ਜੋੜ ਕੇ। ਜੋੜੀ-ਜੋਟੀਦਾਰ, ਸਾਥੀ। ਗੁਰਮੁਖਿ-ਗੁਰੂ ਦੀ ਸਰਨ ਪੈ ਕੇ। ਸਫਾ-ਸਫ। ਬੈਸਹੁ-ਬੈਠੋ।੧।

ਇਨ ਬਿਧਿ-ਇਸ ਢੰਗ ਨਾਲ। ਪਾਸਾ ਢਾਲਹੁ-ਪਾਸਾ ਸੁੱਟੋ। ਅੰਤ ਕਾਲਿ-ਅਖੀਰਲੇ ਵੇਲੇ। ਪੀਰ-ਪੀੜ, ਦੁੱਖ।੧। ਰਹਾਉ।

ਕਰਮ ਧਰਮ-ਧਰਮ ਦੇ ਕੰਮ, ਨੇਕ ਕੰਮ। ਸਾਜਹੁ-ਬਣਾਓ। ਸਤੁ-ਉੱਚਾ ਆਚਰਨ। ਸਾਰੀ-ਚੌਪੜ ਦੀ ਖੇਡ ਵਿੱਚ ਨਰਦ। ਖੇਲ-ਖੇਡ।੨।

ਪਰਭਾਤੇ-ਅੰਮ੍ਰਿਤ ਵੇਲੇ। ਇਸਨਾਨੁ-ਹਰਿ-ਨਾਮ ਵਿੱਚ ਆਤਮਕ ਇਸ਼ਨਾਨ। ਸੋਏ-ਸੁੱਤੇ ਹੋਏ ਭੀ। ਆਰਾਧੇ-ਅਰਾਧਨਾ (ਯਾਦ) ਕਰੇ। ਬਿਖੜੇ-ਔਖੇ। ਲੰਘਾਵੈ-ਪਾਰ ਲੰਘਾਉਂਦਾ ਹੈ, ਜਿਤਾਉਂਦਾ ਹੈ। ਸਹਜ-ਆਤਮਕ ਅਡੋਲਤਾ। ਸੇਤੀ-ਨਾਲ। ਘਰਿ-ਸ੍ਵੈ ਸਰੂਪ ਵਿੱਚ, ਪ੍ਰਭੂ ਚਰਨਾਂ ਵਿੱਚ।੩।

ਆਪੇ ਖੇਲੈ-ਆਪ ਹੀ ਖੇਡ ਖੇਡਦਾ ਹੈ। ਰਚਨ ਰਚਾਇਆ-ਰਚਨਾ ਰਚੀ ਹੈ। ਗੁਰਮੁਖਿ-ਗੁਰੂ ਦੀ ਸਰਨ ਪੈ ਕੇ। ਜਿਣਿ-ਜਿੱਤ ਕੇ।੪।

ਘਰ-ਪ੍ਰਭੂ ਦਰ, ਨਿਜ-ਘਰ, ਸ੍ਵੈ-ਸਰੂਪ ਵਿੱਚ।



www.AKJ.Org

## ਅਰਥ ਵਿਆਖਿਆ

ਅਰਥ :- ਹੇ ਵੀਰ ! ਗੁਰੂ ਦੀ ਸ਼ਰਨ ਪੈ ਕੇ ਦਿਨ ਰਾਤ ਪ੍ਰਭੂ ਦਾ ਨਾਮ ਜਪਿਆ ਕਰੋ, ਇਸ ਤਰ੍ਹਾਂ ਇਸ ਜੀਵਨ ਖੇਡ ਵਿਚ ਦਾਅ ਚਲਾਵੋ (ਪਾਸਾ ਸੁੱਟੋ)। ਇਉਂ ਜੀਵਨ ਦੇ ਅੰਤਲੇ ਸਮੇਂ ਮੌਤ ਦਾ ਦੁੱਖ ਨਹੀਂ ਲੱਗੇਗਾ।੧। ਰਹਾਉ।

ਹੇ ਮੇਰੇ ਭਾਈ ! ਇਕੱਠੇ ਹੋ ਕੇ ਸਾਧ ਸੰਗਤ ਵਿੱਚ ਬੈਠਿਆ ਕਰੋ, ਉੱਥੇ ਪ੍ਰਭੂ ਚਰਨਾਂ ਵਿੱਚ ਸੁਰਤ ਟਿਕਾ ਕੇ ਆਪਣੇ ਮਨ ਵਿਚੋਂ ਮੇਰ ਤੇਰ ਦੂਰ ਕੀਤਾ ਕਰੋ ਅਤੇ ਹਰਿਨਾਮ ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ ਬਣਿਆ ਕਰੋ।੧।

ਹੇ ਮੇਰੇ ਵੀਰ ! ਨੇਕ ਕੰਮ ਕਰਨ ਨੂੰ ਤੁਸੀਂ ਚੌਪੜ ਦੀ ਖੇਡ ਬਣਾਓ, ਉੱਚੇ ਆਚਰਨ ਨੂੰ ਨਰਦ ਬਣਾਓ। ਇਸ ਨਰਦ ਦੀ ਬਰਕਤ ਨਾਲ ਤੁਸੀਂ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ ਅਤੇ ਮੋਹ ਨੂੰ ਵੱਸ ਵਿੱਚ ਕਰੋ। ਹੇ ਵੀਰ ! ਏਹੋ ਜਿਹੀ ਖੇਡ ਪ੍ਰਭੂ ਨੂੰ ਪਿਆਰੀ ਲੱਗਦੀ ਹੈ।੨।

ਹੇ ਮੇਰੇ ਵੀਰ ! ਅੰਮ੍ਰਿਤ ਵੇਲੇ ਉੱਠ ਕੇ ਨਾਮ ਰੂਪੀ ਜਲ ਵਿੱਚ ਇਸ਼ਨਾਨ ਕਰਿਆ ਕਰੋ, ਸੁੱਤੇ ਪਿਆਂ ਭੀ ਪ੍ਰਭੂ ਸਿਮਰਨ ਵਿੱਚ ਜੁੜੇ ਰਹੋ। ਅਜੇਹਾ ਉੱਦਮ ਕਰਨ ਵਾਲੇ ਮਨੁੱਖਾਂ ਨੂੰ ਪਿਆਰਾ ਗੁਰੂ ਕਾਮਾਦਿਕ ਵੈਰੀਆਂ (ਕਾਮ, ਕ੍ਰੋਧ, ਲੋਭ ਆਦਿ) ਦੇ ਟਾਕਰੇ ਤੇ ਔਖੇ ਦਾਅ ਤੋਂ ਸਫਲ ਕਰ ਦਿੰਦਾ ਹੈ। ਉਹ ਮਨੁੱਖ ਆਤਮਕ ਆਡੋਲਤਾ ਦੇ ਸੁੱਖ-ਅਨੰਦ ਨਾਲ ਪ੍ਰਭੂ-ਚਰਨਾਂ ਵਿੱਚ ਟਿਕੇ ਰਹਿੰਦੇ ਹਨ।੩।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਹੇਠ ਕਹਿੰਦੇ ਹਨ ਕਿ ਪ੍ਰਭੂ ਆਪ ਹੀ ਜਗਤ-ਖੇਡ ਖੇਡਦਾ ਹੈ ਅਤੇ ਆਪ ਹੀ ਇਹ ਖੇਡ ਵੇਖਦਾ ਹੈ। ਪ੍ਰਭੂ ਨੇ ਆਪ ਹੀ ਇਹ ਰਚਨਾ ਰਚੀ ਹੋਈ ਹੈ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਕਾਮਾਦਿਕ ਵੈਰੀਆਂ ਦੇ ਟਾਕਰੇ ਤੇ ਜੀਵਨ ਖੇਡ-ਖੇਡਦਾ ਹੈ ਉਹ ਇਹ ਬਾਜੀ ਜਿੱਤ ਕੇ ਪ੍ਰਭੂ ਦੇ ਦਰ ਪਹੁੰਚਦਾ ਹੈ।੪।੧।੧੯।

ਵਿਆਖਿਆ :- ਪੰਚਮ ਪਾਤਸ਼ਾਹ ਦਾ ਚਾਰ ਪਦਿਆਂ ਵਾਲਾ ਬਸੰਤ, ਅਤੇ ਹਿੰਡੋਲ ਦੋਹਾਂ ਮਿਲਵੇਂ ਰਾਗਾਂ ਵਿੱਚ ਗਾਏ ਜਾਣ ਵਾਲਾ ਇਹ ਪਹਿਲਾ ਅਤੇ ਬਸੰਤ ਰਾਗ ਦਾ ਉੱਨੀਵਾਂ ਸ਼ਬਦ (੪।੧।੧੯) ਹੈ। ਇਸ ਸ਼ਬਦ ਰਾਹੀਂ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਹੇ ਭਾਈ ! ਇਕੱਠੇ ਹੋ ਕੇ ਸਾਧ ਸੰਗਤ ਵਿੱਚ ਬੈਠਿਆ ਕਰੋ, ਪ੍ਰਭੂ ਚਰਨਾਂ ਵਿੱਚ ਸੁਰਤਿ ਜੋੜ ਕੇ ਮੇਰ ਤੇਰ ਦੂਰ ਕੀਤਾ ਕਰੋ ਅਤੇ ਨਾਮ-ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ ਬਣਿਆ ਕਰੋ। ਗੁਰੂ ਦੀ ਸ਼ਰਨ ਪੈ ਕੇ ਦਿਨ ਰਾਤ ਪ੍ਰਭੂ ਦਾ ਨਾਮ ਜਪਿਆ ਕਰੋ, ਇਸ ਢੰਗ ਨਾਲ ਜੀਵਨ-ਖੇਡ ਵਿੱਚ ਦਾਅ ਲਾਓ, ਇਉਂ ਮਰਨ ਵੇਲੇ ਜਮਾਂ ਦਾ ਦੁੱਖ ਨਹੀਂ ਲੱਗੇਗਾ।

ਸਤਿਗੁਰੂ ਜੀ ਸਾਨੂੰ ਮਿਲ ਬੈਠਣ, ਦੁਬਿਧਾ ਦੂਰ ਕਰਨ ਅਤੇ ਨਾਮ-ਸਿਮਰਨ ਦੀ ਨਸੀਹਤ ਕਰਦੇ ਹਨ ਪਰ ਅਸੀਂ ਮੈਂ-ਮੇਰੀ ਵਿੱਚ ਫਾਥੇ, ਹਉਮੈ ਦੇ ਬੁਕਨੇ ਬਣੇ "ਮੈਂ ਮੈਂ" ਕਰਦੇ ਸਾਹ ਨਹੀਂ ਲੈਂਦੇ। ਮੈਂ ਵੱਡਾ, ਮੈਂ ਅਕਲ ਵਾਲਾ, ਮੈਂ ਸੱਚਾ, ਮੈਂ ਚੌਧਰੀ ਦਾ ਰੌਲਾ ਪਾਉਂਦੇ ਅੱਕਦੇ ਥੱਕਦੇ ਹੀ ਨਹੀਂ। ਆਪਣੇ ਆਪ ਨੂੰ ਵੱਡੇ ਭਜਨੀਕ, ਰਹਿਤਵਾਨ, ਬਿਬੇਕੀ ਅਤੇ ਗੁਰਮੁਖਿ ਸਦਵਾਉਂਦੇ ਸਤਿਗੁਰੂ ਦੇ ਉਪਦੇਸ਼ ਨੂੰ ਛਿਕੇ ਟੰਗੀ ਬੈਠੇ ਹਾਂ। ਧੜੇਬੰਦੀ, ਤੂੰ-ਤੂੰ, ਮੈਂ-ਮੈਂ, ਵਾਦ ਵਿਵਾਦ ਨੇ ਸਾਡੀ ਬੁੱਧੀ ਭ੍ਰਿਸ਼ਟ ਕਰ ਰੱਖੀ ਹੈ। ਇੱਕ ਦੂਜੇ ਤੇ ਦੂਸ਼ਨ ਲਾਉਂਦਿਆਂ ਵੱਡੇ ਛੋਟੇ ਦਾ ਅਸੀਂ ਕੋਈ ਖਿਆਲ ਨਹੀਂ ਕਰਦੇ, ਊਲ-ਜਲੂਲ ਬੋਲਣ ਲੱਗਿਆਂ ਸਾਨੂੰ ਸਤਿਗੁਰੂ ਦਾ ਡਰ ਭਉ ਨਹੀਂ ਰਹਿੰਦਾ ਅਤੇ ਨਾ ਹੀ ਗੁਰਸਿੱਖੀ ਬਾਣੇ ਦਾ ਕੋਈ ਲਿਹਾਜ਼ ਕਰਦੇ ਹਾਂ। ਜੇ ਤਾਂ ਤੁਹਾਨੂੰ ਕੋਈ ਚੌਧਰੀ ਮੰਨ ਲਏ ਤਾਂ ਠੀਕ, ਨਹੀਂ ਤਾਂ ਆਪਣਾ ਵੱਖਰਾ ਅਖਾੜਾ ਲਾ ਬਹਿੰਦੇ ਹਾਂ। ਅਜੇਹੀ ਸਥਿਤੀ ਵਿੱਚ "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਵਾਲਾ ਗੁਰ ਉਪਦੇਸ਼ ਸਾਡੇ ਚਿੱਤ ਚੇਤੇ ਹੀ ਨਹੀਂ ਰਹਿੰਦਾ। ਧਰਮ ਨਾਲੋਂ ਧੜੇ ਨੂੰ ਉੱਚਾ ਸਮਝਦੇ ਹੋਏ, ਆਪਣੇ ਆਪ ਨੂੰ ਗੁਰਮੁਖ ਸਦਾਉਂਦੇ ਹੋਏ ਪਰ ਮਨ ਦੀ ਮੱਤ ਮਗਰ ਦੌੜਦੇ ਹੋਏ ਠੇਡੇ ਖਾ ਰਹੇ ਹਾਂ, ਮਿਲ ਬੈਠਣ ਨੂੰ ਤਿਆਰ ਨਹੀਂ। ਸਤਿਗੁਰੂ ਦਾ ਉਪਦੇਸ਼ ਪੜ੍ਹਦੇ ਸੁਣਦੇ ਹੋਏ ਵੀ ਮੰਨਣ ਤੋਂ ਨਾਬਰ ਹਾਂ।

ਸਤਿਗੁਰੂ ਜੀ ਕਹਿੰਦੇ ਹਨ "ਦੁਬਿਧਾ ਦੂਰਿ ਕਰਹੁ" ਪਰ ਅਸੀਂ ਦੁਬਿਧਾ ਵਿੱਚ ਫਸੇ ਗੁਰ ਦਰਸਾਈ ਨਾਮ-ਜਪਣ ਦੀ ਸੱਚੀ ਕਾਰ ਤੋਂ ਉਖੜੇ ਬੈਠੇ ਹਾਂ, ਬੱਧੇ ਚੱਟੀ ਭਰਦੇ ਹਾਂ, ਦੁਚਿੱਤੀ ਵਿੱਚ ਪਿਆਂ ਦਾ ਮਨ ਨਹੀਂ ਟਿਕਦਾ, ਸੁਰਤ ਸ਼ਬਦ ਵਿੱਚ ਨਹੀਂ ਜੁੜਦੀ। *ਸ਼ਬਦ* ਵਿੱਚ ਸੁਰਤ ਤਾਂ ਹੀ ਟਿਕੇਗੀ, ਪ੍ਰਭੂ ਚਰਨਾਂ ਨਾਲ ਲਿਵ ਤਾਂ ਹੀ ਲੱਗੇਗੀ ਜੇ ਸਾਡੀ ਟੇਕ ਇੱਕ ਤੇ ਹੋਇਗੀ, ਏਕੰਕਾਰੁ (੧ਓ) ਦਾ ਆਸਰਾ ਛੱਡ ਕੇ ਹੋਧਰ ਨੱਠੇ ਭੱਜੇ ਫਿਰਨ ਨਾਲ, ਮੇਰ ਤੇਰ ਦੀ ਬਿਰਤੀ ਅਪਨਾਉਂਦਿਆਂ ਪ੍ਰਭੂ-ਪ੍ਰੀਤਮ ਪਤੀਜੇਗਾ ਨਹੀਂ। ਗੁਰਮਤਿ ਅੰਦਰ ਮਾਨ ਮੋਹ, ਮੇਰ ਤੇਰ ਬਿਬਰਜਿਤ ਹੈ, ਇਹ ਤਾਂ ਖੰਡੇ ਦੀ ਧਾਰ ਵਰਗਾ ਬਰੀਕ ਰਸਤਾ ਹੈ-



www.AKJ.Org

ਮਾਨ ਮੋਹ, ਮੋਰ ਤੋਰ ਬਿਬਰਜਿਤ,
ਏਹੁ ਮਾਰਗੁ ਖੰਡੇ ਧਾਰ।।੩।। (ਪੰਨਾ ੫੩੪)

ਚੌਪੜ ਦੀ ਖੇਡ ਖੇਡਣ ਵਾਲਿਆਂ ਵਾਂਗ ਗੁਰਮਤਿ ਪਾਂਧੀਆਂ ਨੇ ਵੀ ਸਫ ਵਿਛਾ ਕੇ, ਮੇਰੇ ਤੇਰ ਖਤਮ ਕਰ ਕੇ, ਦੁਚਿੱਤੀ ਦੂਰ ਕਰਕੇ ਆਪੋ ਵਿੱਚ ਮਿਲ ਬੈਠਣਾ ਹੈ, ਪ੍ਰਭੂ ਦੀ ਸਿਫਤ ਸਾਲਾਹ ਕਰਨੀ ਹੈ, ਪ੍ਰਭੂ ਚਰਨਾਂ ਨਾਲ ਲਿਵ ਜੋੜਨੀ ਹੈ, ਇੱਕ ਚਿੱਤ ਹੋ ਕੇ ਪ੍ਰਭੂ ਦੀ ਅਰਾਧਨਾ ਕਰਨੀ ਹੈ। ਇਉਂ ਹੀ ਅਸੀਂ ਜਨਮ ਮਰਨ ਦੇ ਚੱਕਰ ਵਿਚੋਂ ਬਾਹਰ ਨਿਕਲ ਸਕਾਂਗੇ।

ਏਕ ਚਿਤ ਜਿਹ ਇਕ ਛਿਨ ਧਿਆਇਓ,
ਕਾਲ ਫਾਸ ਕੇ ਬੀਚ ਨ ਆਇਓ।।੧੦।।
(ਤ੍ਵਪ੍ਰਸਾਦਿ।। ਚੌਪਈ।।(ਅਕਾਲ ਉਸਤਤਿ))

ਗੁਰੂ ਦੀ ਸ਼ਰਨ ਪੈ ਕੇ, ਗੁਰ ਦਰਸਾਈ ਕਾਰ ਕਰਦੇ, ਸੇਵਾ ਸਿਮਰਨ ਵਿੱਚ ਲੱਗ ਕੇ ਅਸੀਂ ਪੰਜਾਂ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਸਾਧ ਕੇ ਉੱਚੇ ਆਚਰਨ ਵਾਲੇ ਬਣਨਾ ਹੈ ਅਤੇ ਨੇਕ ਕੰਮ ਕਰਨੇ ਹਨ, ਧਰਮ ਦੀ ਕਿਰਤ ਕਰਨੀ ਹੈ, ਵੰਡ ਛੱਕਣਾ ਅਤੇ ਨਾਮ ਜਪਣਾ ਹੈ। *'ਸ਼ਬਦ'* (ਨਾਮ) ਵਿੱਚ ਅਜੇਹੀ ਸੁਰਤ ਟਿਕਾਉਣੀ ਹੈ ਕਿ ਸੁੱਤਿਆਂ ਪਿਆਂ ਵੀ ਸਿਮਰਨ ਚੱਲਦਾ ਰਹੇ, ਸੌਣ ਵੇਲੇ ਵੀ *'ਵਾਹੁ ਵਾਹੁ'* ਕਰਦੇ ਸੌਂਵੀਏ ਅਤੇ ਉੱਠਣ ਵੇਲੇ ਵੀ *'ਵਾਹੁ ਵਾਹੁ'* ਕਰਦੇ ਹੋਵੀਏ। ਇਸ ਤਰ੍ਹਾਂ *'ਗੁਰੂ ਗੁਰੂ'* ਕਰਦੇ, ਦਿਨ ਰਾਤ ਸਿਮਰਨ ਕਰਦੇ ਟਿਕਾਣੇ ਤੇ ਪੁੱਜ ਜਾਈਏ, ਨਿੱਜ ਘਰ ਜਾ ਬੈਠੀਏ।

ਨਿੱਜ ਘਰ ਅੱਪੜਨ ਲਈ ਸਤਿਗੁਰੂ ਜੀ ਹੇਠ ਲਿਖੀ ਜੁਗਤ ਦੱਸਦੇ ਹਨ-

"ਉਠਿ ਇਸਨਾਨੁ ਕਰਹੁ ਪਰਭਾਤੇ,
ਸੋਏ ਹਰਿ ਆਰਾਧੇ।"

ਸਤਿਗੁਰੂ ਦੀ ਮਿਹਰ ਸਦਕਾ ਅਸੀਂ ਅੰਮ੍ਰਿਤ ਵੇਲੇ ਉੱਠ ਕੇ ਸੌਚ ਇਸ਼ਨਾਨ ਉਪਰੰਤ ਨਾਮ ਸਿਮਰਨ ਵਿੱਚ ਜੁੱਟ ਜਾਵਾਂਗੇ। ਨਾਮ ਜਪਦੇ ਜਪਦੇ ਅਸੀਂ ਟਿਕਾਅ ਵਿੱਚ ਆ ਜਾਵਾਂਗੇ ਜਿਸ ਨੂੰ ਸਹਿਜ ਅਵਸਥਾ ਕਿਹਾ ਜਾਂਦਾ ਹੈ। ਜਿੰਨੀ ਦੇਰ ਤੱਕ ਸਾਡਾ ਮਨ ਮਾਇਆ ਦੇ ਫੁਰਨਿਆਂ ਵਿੱਚ ਫਸਿਆ ਰਹੇਗਾ, ਸਹਜ ਪਦ ਦੀ ਪ੍ਰਾਪਤੀ ਨਹੀਂ ਹੋਵੇਗੀ। ਅਫੁਰ (ਫੁਰਨੇ ਰਹਿਤ) ਅਵਸਥਾ *'ਸ਼ਬਦ'* (ਗੁਰਮੰਤ੍ਰ) ਦੀ ਕਮਾਈ ਨਾਲ ਹੀ ਬਣੇਗੀ, ਬਾਰੰਬਾਰ, ਸਾਸ ਗਿਰਾਸ ਨਾਮ ਜਪਣ ਨਾਲ। ਰਸਨਾ ਦੁਆਰਾ ਤੇ ਸੁਆਸ ਸੁਆਸ ਨਾਮ ਜਪਦੇ ਜਪਦੇ ਸੁਰਤ *'ਸ਼ਬਦ'* ਵਿੱਚ ਟਿਕਣ ਲੱਗ ਪਵੇਗੀ ਅਤੇ ਸੁਰਤੀ ਦਾ ਸਿਮਰਨ ਚੱਲ ਪਵੇਗਾ। ਸੁਰਤ ਸ਼ਬਦ ਦੇ ਮੇਲ ਸਦਕਾ ਸਰੀਰ ਸੁੰਨ ਹੋਣ ਲੱਗ ਪਵੇਗਾ ਅਤੇ ਪ੍ਰਭੂ ਦੀ ਨਦਰ ਦੇ ਤੁਫੈਲ ਦਸਮ ਦੁਆਰ ਦੇ ਬੱਜਰ ਕਪਾਟ ਖੁੱਲ੍ਹ ਜਾਣਗੇ। 'ਦਰ' ਖੁੱਲ੍ਹਣ ਨਾਲ ਪ੍ਰਕਾਸ਼ ਹੋ ਜਾਵੇਗਾ, ਅਨਹਦ ਸ਼ਬਦ ਵੱਜਣ ਲੱਗ ਪਵੇਗਾ ਅਤੇ ਅੰਮ੍ਰਿਤ ਝਰਨ ਲੱਗ ਪਵੇਗਾ। ਅੰਮ੍ਰਿਤ ਦੀ ਫੁਹਾਰ ਕਾਇਆ ਨੂੰ ਕੰਚਨ ਕਰ ਦੇਵੇਗੀ, ਸਰੀਰ ਹਰਿਆ ਭਰਿਆ ਹੋ ਜਾਵੇਗਾ, ਚਿਹਰਾ ਦਗ ਦਗ ਕਰਨ ਲੱਗ ਪਵੇਗਾ। ਫਿਰ 'ਅਨਹਦ ਸ਼ਬਦ' ਦਿਨ ਰਾਤ ਆਪਣੇ ਆਪ ਵੱਜਦਾ ਰਹੇਗਾ।

"ਸੁਨਿ ਵਾਜੇ ਅਨਹਦ ਘੋਰਾ।।
ਮਨੁ ਮਾਨਿਆ ਹਰਿ ਰਸ ਮੋਰਾ।।
ਗੁਰ ਪੂਰੇ ਸਚੁ ਸਮਾਇਆ।।
ਗੁਰੁ ਆਦਿ ਪੁਰਖੁ ਹਰਿ ਪਾਇਆ।।੨।।
(ਪੰਨਾ ੬੭੯)

ਗੁਰਮੁਖ ਜਨ ਜਦੋਂ ਅੰਮ੍ਰਿਤ ਵੇਲੇ ਉੱਠ ਕੇ, ਚੌਕੜਾ ਮਾਰ, ਅੰਤਰ ਧਿਆਨ ਹੋ ਕੇ ਅਨਹਦ ਸ਼ਬਦ ਦੀ ਧੁਨ ਵਿੱਚ ਧਿਆਨ ਲਗਾਉਣਗੇ ਤਾਂ ਦਸਮ ਦੁਆਰ ਤੋਂ ਅੰਮ੍ਰਿਤ ਦਾ ਸੋਮਾ ਫੁੱਟ ਪਵੇਗਾ, ਸਰੀਰ ਵਿੱਚ ਤਰੰਗਾਂ (ਲਹਿਰਾਂ) ਉੱਠ ਪੈਣਗੀਆਂ। ਅੰਮ੍ਰਿਤ-ਸਰ ਦੇ ਇਸ਼ਨਾਨ ਸਦਕਾ ਸਰੀਰ ਰੇਸ਼ਮ ਵਰਗਾ ਮੁਲੈਮ ਅਤੇ ਹਲਕਾ ਫੁੱਲ ਹੋ ਜਾਵੇਗਾ, ਲਪਟਾਂ ਮਾਰਨ ਲੱਗ ਪਵੇਗਾ ਅਤੇ ਅਨੰਦੋ ਅਨੰਦ ਦੀ ਅਵਸਥਾ ਬਣ ਜਾਵੇਗੀ। ਇਉਂ ਸਤਿਗੁਰਾਂ ਦੇ ਬਚਨ 'ਸੋਏ ਹਰਿ ਆਰਾਧੇ' ਪ੍ਰਤੱਖ ਹੋ ਜਾਣਗੇ, ਸੁੱਤਿਆਂ ਪਿਆਂ ਭੀ ਸਿਮਰਨ ਚੱਲਦਾ ਰਹੇਗਾ। ਸਤਿਗੁਰੂ ਅਜਿਹੇ ਗੁਰਮੁਖ ਜਨਾਂ ਤੋਂ ਵਾਰਨੇ ਬਲਿਹਾਰਨੇ ਜਾਂਦੇ ਹੋਏ ਕਹਿੰਦੇ ਹਨ-

ਸਉਦੇ ਵਾਹੁ ਵਾਹੁ ਉਚਰਹਿ,
ਉਠਦੇ ਭੀ ਵਾਹੁ ਕਰੇਨਿ।।
ਨਾਨਕ ਤੇ ਮੁਖ ਉਜਲੇ
ਜਿ ਨਿਤ ਉਠਿ ਸੰਮਾਲੇਨਿ।।੧।।
(ਪੰਨਾ ੩੧੩)

ਪ੍ਰਭੂ ਨੂੰ ਅਜੇਹੀ ਖੇਡ ਹੀ ਪਿਆਰੀ ਲੱਗਦੀ ਹੈ। ਕੈਸੀ ਖੇਡ ?

ਕਰਮ ਧਰਮ ਤੁਮ ਚਉਪੜਿ ਸਾਜਹੁ,
ਸਤਿ ਕਰਹੁ ਤੁਮ ਸਾਰੀ।।
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ,
ਐਸੀ ਖੇਲ ਹਰਿ ਪਿਆਰੀ।।੨।।


www.AKJ.Org

ਨੇਕ ਕੰਮ ਕਰਨ ਨੂੰ ਚੌਂਪੜ ਦੀ ਖੇਡ ਸਮਝ ਕੇ ਉੱਚੇ ਆਚਰਨ ਨੂੰ ਨਰਦ ਬਣਾ ਕੇ ਕਾਮਾਦਿਕ ਵੈਰੀਆਂ ਨੂੰ ਵੱਸ ਕਰੋ ਤਾਂ ਜੋ ਤੁਹਾਡੇ ਸਿਮਰਨ ਵਿੱਚ ਵਿਘਨ ਨਾ ਪਾ ਸਕਣ। ਜਦੋਂ ਇਹ ਤੁਹਾਡੇ ਅਧੀਨ ਹੋ ਗਏ ਤਾਂ ਇਹ ਕੋਈ ਖਰਾਬੀ ਨਹੀਂ ਕਰ ਸਕਣਗੇ ਸਗੋਂ ਲੁਟੇਰਿਆਂ ਦੀ ਥਾਂ ਸੇਵਾਦਾਰ ਬਣ ਕੇ ਤੁਹਾਡੀ ਸੇਵਾ ਕਰਨਗੇ।

ਸਤਿਗੁਰੂ ਦੇ ਥਾਪੜੇ ਸਦਕਾ ਅਸੀਂ ਐਸਾ ਦਾਅ ਲਾਵਾਂਗੇ ਕਿ ਇਨ੍ਹਾਂ ਪੰਜਾਂ ਵੈਰੀਆਂ ਨੂੰ ਚਿੱਤ ਕਰ ਦਿਆਂਗੇ।

ਵਾਤ ਵਜਨਿ ਟੰਮਕ ਭੇਰੀਆ।।
ਮਲ ਲਥੇ ਲੈਦੇ ਫੇਰੀਆ।।
ਨਿਹਤੇ ਪੰਜਿ ਜੁਆਨ ਮੈ,
ਗੁਰ ਥਾਪੀ ਦਿਤੀ ਕੰਡਿ ਜੀਉ।।੧੮।।

(ਪੰਨਾ ੭੪)

ਪ੍ਰਭੂ-ਪ੍ਰੀਤਮ ਇਹ ਜੀਵਨ ਰੂਪੀ ਛਿੰਝ (ਘੋਲ) ਆਪ ਹੀ ਰਚਾਉਂਦਾ ਹੈ, ਆਪ ਹੀ ਘੁਲਦਾ ਹੈ ਅਤੇ ਆਪ ਹੀ ਦੇਖਦਾ ਹੈ। ਜਿਹੜਾ ਮਨੁੱਖ ਪ੍ਰਭੂ ਦੇ ਹੁਕਮ ਅੰਦਰ ਅਜੇਹੀ ਖੇਡ ਖੇਡਦਾ ਹੈ ਉਹ ਜੀਵਨ ਦੀ ਬਾਜ਼ੀ ਜਿੱਤ ਕੇ ਉੱਚੀ ਸ਼ਾਨ ਨਾਲ ਆਪਣੇ ਘਰ (ਨਿੱਜ ਘਰ) ਜਾਂਦਾ ਹੈ। ਉਸ ਨੂੰ *'ਪ੍ਰਕਾਸ਼'* ਵਿੱਚ ਆਪਣਾ ਸਰੂਪ (ਸ੍ਵੈ-ਸਰੂਪ) ਨਜ਼ਰ ਆਉਣ ਲੱਗ ਪੈਂਦਾ ਹੈ।

ਸਫਲ ਸਫਲ ਭਈ ਸਫਲ ਜਾਤ੍ਰਾ।।
ਆਵਣ ਜਾਣ ਰਹੇ ਮਿਲੇ ਸਾਧਾ।।

(ਪੰਨਾ ੬੮੭)

(ਗੁਰੂ ਦੇ ਦਰ ਤੇ ਪਿਆਂ ਮਨੁੱਖਾ ਜੀਵਨ ਵਾਲੀ ਯਾਤ੍ਰਾ ਸਫਲ ਹੋ ਜਾਂਦੀ ਹੈ। ਗੁਰੂ ਨੂੰ ਮਿਲ ਕੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ।)

ਨਉ ਦਰ ਠਾਕੇ ਧਾਵਤੁ ਰਹਾਏ।।
ਦਸਵੈ ਨਿਜ ਘਰਿ ਵਾਸਾ ਪਾਏ।।
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ,
ਗੁਰਮਤੀ ਸਬਦੁ ਸੁਣਾਵਣਿਆ।।੬।।
ਬਿਨੁ ਸਬਦੈ ਅੰਤਰਿ ਆਨੇਰਾ।।
ਨ ਵਸਤੁ ਲਹੈ ਨ ਚੂਕੈ ਫੇਰਾ।।
ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ,
ਗੁਰੁ ਪੂਰੈ ਭਾਗਿ ਮਿਲਾਵਣਿਆ।।੭।।

(ਮਾਝ ਮ: ੩, ਪੰਨਾ ੧੨੪)

## ਸਹਿਜਧਾਰੀ

(ਸ: ਦਿਲਬਾਗ ਸਿੰਘ 'ਵੀਰ' ਖਾਲਸਾ)

ਸਹਿਜਧਾਰੀ ਸਮਾਸੀ ਹੈ ਸ਼ਬਦ ਸਿੰਘੋ,
ਜੀਹਦੀ ਧਾਰਨਾ ਵਿੱਚ ਵਿਵਾਦ ਛਿੜਿਆ।
ਅਰਥ ਸਹਿਜ ਦੇ ਗਿਆਨ, ਵੀਚਾਰ, ਰੀਤੀ,
ਧਾਰੀ ਹੁੰਦਾ ਮਰਯਾਦਾ ਦੇ ਵਿੱਚ ਘਿਰਿਆ।
ਅਸਲ ਪ੍ਰਕ੍ਰਿਤਿ ਮਨੁੱਖ ਦੇ ਨਾਲ ਜੰਮੀ,
ਪਤੀਵ੍ਰਤ, ਸੁਭਾਵਿਕ, ਸਨਮਾਨ ਕਿਰਿਆ।
ਧਾਰਨ ਕਰੇ ਮਨੌਤ ਦੀ ਧਾਰਨਾ ਨੂੰ,
ਸਿਰ-ਗੁੰਮ ਹੁੰਦਾ, ਜੋ ਏ ਸਿਰ ਫਿਰਿਆ।
ਹੌਲੀ ਹੌਲੀ ਫਿਰ ਸਿੱਖੀ ਨੂੰ ਕਰੇ ਧਾਰਨ,
ਸਾਬਤ ਸੂਰਤਿ ਤੇ ਸਿਰ ਦਸਤਾਰ ਹੋਵੇ।
ਪੂਜਾ ਕਰੇ ਤਾਂ ਇੱਕ ਅਕਾਲ ਦੀ ਹੀ,
ਧਰਮ-ਗ੍ਰੰਥ ਉਹਦਾ ਆਦਿ ਦਰਬਾਰ ਹੋਵੇ।੧।
ਸਿੱਖੀ-ਰਹਿਤ ਦਾ ਮੂਲ ਹਨ ਕੇਸ ਸੁਹਣੇ,
ਕੇਸ ਕੱਟਿਆ ਪਤਿਤ ਅਖਵਾਂਵਦਾ ਏ।
ਪਤਿਤ ਹੋਵਣਾ, ਸਿੱਖੀਓਂ ਹੋਣਾ ਖਾਰਜ,
ਸਾਰੇ ਹੱਕ ਹਕੂਕ ਗਵਾਂਵਦਾ ਏ।
ਸੂਰਤਿ ਰੱਬ ਦੀ ਭੰਨ ਬੇਈਮਾਨ ਬਣਦਾ,
ਸਣੇ ਕੇਸਾਂ ਜੋ ਦਾੜ੍ਹੀ ਕਟਵਾਂਵਦਾ ਏ।
ਕਾਫਰ, ਭੇਡੇ, ਸ਼ੈਤਾਨ ਦਾ ਮਿਲੇ ਰੁਤਬਾ,
ਦਰਗਹਿ ਵਿੱਚ ਨਾ ਪਦਵੀ ਪਾਂਵਦਾ ਏ।
ਪੱਤ ਲੱਭਦੀ ਫਿਰੇ ਬੇਪੱਤ ਹੋ ਕੇ,
ਜੀਉਣਾ ਉਸ ਦਾ ਜੱਗ ਦੁਸ਼ਵਾਰ ਹੋਵੇ।
ਪੂਜਾ ਕਰੇ ਚਾਹੇ ਇੱਕ ਅਕਾਲ ਦੀ ਹੀ,
ਧਾਰਮਿਕ-ਗ੍ਰੰਥ ਵੀ ਆਦਿ ਦਰਬਾਰ ਹੋਵੇ।੨।
ਛੁੱਟੜ ਆਪ ਜੋ ਸਹੁਰੇ ਨਾ ਕਦੇ ਵੱਸੀ,
ਦੇਣੀ ਕਿਸੇ ਨੂੰ ਉਸ ਨੇ ਸਿੱਖਿਆ ਕੀ?
ਜਿਹੜਾ ਆਪ ਨਾ ਰੱਜ ਕੇ ਕਦੇ ਖਾਂਦਾ,
ਪਾਉਣੀ ਕਿਸੇ ਨੂੰ ਉਸਨੇ ਭਿੱਖਿਆ ਕੀ?
ਵਰਨਮਾਲਾ ਤੇ ਲਗਾਂ ਨਾ ਮੂਲ ਜਾਣੇ,
ਪਾਸ ਕਰਨੀ ਉਸ ਪਰੀਖਿਆ ਕੀ?
ਆਪ ਮੰਨੇ ਨਾ ਗੁਰੂ ਦਾ ਮੂੜ੍ਹ ਅਹਿਮਕ,
ਦੱਸੇ ਗੁਰੂ ਤੋਂ ਉਸ ਨੇ ਸਿੱਖਿਆ ਕੀ?
ਬਾਗ ਜਿਹੜੇ ਦਾ ਮਾਲੀ ਮੱਕਾਰ ਹੋਵੇ,
'ਦਿਲਬਾਗ' ਉਸਨੂੰ ਹੋਇਆ ਵੈਰਾਨ ਜਾਣੋ।
ਕੌਮ ਜਿਹੜੀ ਦਾ ਭਟਕਿਆ ਹੋਏ ਆਗੂ,
ਥੋੜ੍ਹੇ ਦਿਨਾਂ ਦੀ ਉਹ ਮਹਿਮਾਨ ਜਾਣੋ।।੩।।



www.AKJ.Org

# ਸੱਚੀ ਸੂਰਮਤਾਈ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ :-

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ...੧॥(੨॥੪॥੩੫)

(ਧਨਾਸਰੀ ਮ: ੫, ਪੰਨਾ ੬੭੯)

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫੀਨੀਸ਼ਨ ਕਿਆ ਸੁੰਦਰ ਦੱਸੀ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿੱਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿੱਤਿਆ ਨਹੀਂ ਜਾ ਸਕਦਾ ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿੱਚ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪ੍ਰਵੇਸ਼ ਹੋ ਸਕਦੀ ਹੈ। ਇਸ ਬਿਧਿ ਪ੍ਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿੱਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ॥੧॥

(ਧਨਾਸਰੀ ਮ: ੫, ਪੰਨਾ ੬੭੯-੮੦)

ਮਈ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫੈਸਲਾ ਕਰ ਦਿੱਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿੱਚ ਰੰਚਕ ਸੰਦੇਹ ਨਹੀਂ ਕਿ "ਗੁਰ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੇ ਦੱਸੇ ਗੁਰ ਜਾਮਿਆਂ ਉੱਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫੈਸਲਾ ਕਰ ਦਿੱਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕੱਚ-ਪਿੱਚ, ਪੂਰੇ ਸੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉੱਕਾ ਹੀ ਮੁੱਕ ਚੁੱਕਾ ਹੈ। ਸਤਿਗੁਰੂ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਰੰਗ ਰੱਤੜੇ ਗੁਰਮੁਖ ਜਨਾਂ ਦੇ ਰੰਗ ਰੱਤੜੇ ਘਟਾਂ ਅੰਦਰ ਹਰ ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰ ਗੁਰੂ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਪੂਰੇ ਅਪੂਰੇ ਕੱਚ-ਪਿੱਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ। "ਸਤਿਗੁਰ ਬਾਝਹੁ ਗੁਰੁ ਨਹੀ ਕੋਈ" ਨਿਰਸੰਦੇਹ ਹੈ ਹੀ ਨਹੀਂ।

ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮਖ ਜਨਾਂ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉੱਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ :-

ਸਿਰ ਊਪਰਿ ਠਾਢਾ ਗੁਰ ਸੂਰਾ॥
ਨਾਨਕ ਤਾ ਕੇ ਕਾਰਜ ਪੂਰਾ॥੭॥

(੨੨) ਗਉੜੀ ਸੁਖਮਨੀ ਮ: ੫, ਪੰਨਾ ੨੯੩



www.AKJ.Org

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿੱਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤਿ ਪ੍ਰਾਪਤ ਹੋਵੇ। ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸੱਚੀ ਸਪਿਰਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿੱਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿੱਚ ਜੂਝਣਗੇ। ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿੱਚ ਸਦੀਵ ਲਈ ਮਖਸੂਸ ਰਹੇਗੀ ਅਤੇ ਮਖਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿੱਚ ਰੰਗ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਲੱਥ ਸਿਰਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ-ਰੂੜੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

ਨਾਨਕ ਸੋ ਸੂਰਾ ਵਰੀਆਮੁ ਜਿਨਿ
ਵਿਚਹੁ ਦੁਸਟੁ ਅਹੰਕਰਣੁ ਮਾਰਿਆ।। (੧੧)

ਸਲੋਕ ਮ: ੩, ਵਾਰ ਸਿਰੀਰਾਗ, ਪੰਨਾ ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ *'ਅਹੰਕਰਣ ਮਈ'* ਹਉਮੈ ਦਾ ਬਿਨਾਸ ਅਤੇ ਬੀਜ ਨਾਸ਼ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :-

ਸੂਰੇ ਏਹਿ ਨ ਆਖੀਅਹਿ
ਅਹੰਕਾਰਿ ਮਰਹਿ ਦੁਖੁ ਪਾਵਹਿ....।।(੯)

(ਮਾਰੂ ਵਾਰ ਮ: ੩, ਪੰਨਾ ੧੦੮੯)

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ :-

**ਸੂਰਬੀਰ ਧੀਰਜ ਮਤਿ ਪੂਰਾ।।**
**ਸਹਜ ਸਮਾਧਿ ਧੁਨਿ ਗਹਿਰ ਗੰਭੀਰਾ...੨।।(੪।।੧੫।।੨੬)**

(ਰਾਮਕਲੀ ਮ: ੫, ਪੰਨਾ ੮੯੦-੯੧)

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚੀ ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ। ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿੱਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲੱਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿੱਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਹੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁੱਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿੱਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿੱਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਤੇ ਪ੍ਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :-

ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ.......।।੩।।

(੪।।੨) ਵਡਹੰਸੁ ਮ: ੧, ਪੰਨਾ ੫੮੦)

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :-

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।**


www.AKJ.Org

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।੨।।੨।।

(ਰਾਗ ਮਾਰੂ, ਸਲੋਕ ਕਬੀਰ, ਪੰਨਾ ੧੧੦੫)

ਆਪਾ ਪ੍ਰਸਤੀ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਮੁੱਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤੱਤਿਆਂ ਵਿੱਚ ਵੀ ਨਹੀਂ ਡਰਦਾ। ਯਥਾ ਗੁਰਵਾਕ :-

ਸੂਰੁ ਕਿ ਸਨਮੁਖ ਰਨ ਤੇ ਡਰਪੈ.....।।੧।।(੨।।੨।।੧੭)

(ਗਉੜੀ ਕਬੀਰ ਜੀ, ਪੰਨਾ ੩੩੮)

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ, ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ-ਤੱਤੇ ਵਿੱਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿੱਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ :-

ਮਰਣੈ ਕੀ ਚਿੰਤਾ ਨਹੀ
ਜੀਵਣ ਕੀ ਨਹੀ ਆਸ।।........੧।।(੫।।੧੮)

(ਸਿਰੀ ਰਾਗੁ ਮ: ੧, ਪੰਨਾ ੨੦)

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉੱਤੇ ਰੱਖੀ ਫਿਰਨ ਲਈ, ਗੁਰਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿੱਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿੱਚ ਰੱਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਇਹ ਸੱਚੜਾ ਆਤਮ ਚਲੂਲੀ ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿੱਚ ਰੱਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾਂ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿੱਚ ਹੀ ਵੱਸਦੀ ਹੈ, ਹੋਰ ਕਿਤੇ ਨਹੀਂ। ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

# ਕੇਸਾਂ ਦਾ ਮਨੋਰਥ

(ਭਾਈ ਸੁਖਦੇਵ ਸਿੰਘ, ਪਿੰਡ ਜਾਣੀਆਂ, ਜ਼ਿਲਾ ਅੰਮ੍ਰਿਤਸਰ)

ਹਰ ਅੰਗ ਖ਼ਾਸ ਅਤੇ ਖ਼ਾਸ ਕੰਮ ਵਾਸਤੇ,
ਸਰੀਰ ਦੇ ਨਾਲ ਹੈ ਲਗਾਇਆ ਕਰਤਾਰ ਨੇ।
ਪੈ ਨਾ ਜਾਵੇ ਚੋਅ ਕੇ ਪਸੀਨਾ ਕਿਤੇ ਅੱਖੀਆਂ 'ਚ,
ਭਰਵੱਟਿਆ ਦਾ ਬੰਨ੍ਹ ਹੈ ਬਣਾਇਆ ਕਰਤਾਰ ਨੇ।
ਸਾਹ ਨਾਲ ਜਿੰਦਗੀ ਹੈ, ਸਾਹ ਸਾਫ ਹੋਵੇ ਸਾਡਾ,
ਨੱਕ ਵਿੱਚ ਵਾਲਾਂ ਨੂੰ ਉਗਾਇਆ ਕਰਤਾਰ ਨੇ।
'ਸੁਖਦੇਵ ਸਿੰਘ' ਸੋਹਲ ਜਿਹੇ ਤਾਲੂ ਤੇ ਨਾ ਸੱਟ ਲੱਗੇ,
ਜੂੜੇ ਦੇ ਲਈ ਕੇਸਾਂ ਨੂੰ ਵਧਾਇਆ ਕਰਤਾਰ ਨੇ।

# ਕੇਸਾਂ ਦੀ ਸੰਭਾਲ

ਜਿਵੇਂ ਸਾਡੀ ਬਾਂਹ ਕੜੇ 'ਚੋਂ ਨਹੀਂ ਬਾਹਰ ਜਾਂਦੀ,
ਤਿਵੇਂ ਗੁਰਸਿੱਖੀ ਤੋਂ ਕਦੇ ਨਾ ਬਾਹਰ ਜਾਈਏ ਜੀ।
ਜਿਵੇਂ ਕੰਘਾਂ ਕਰਦਾ ਹੈ, ਦੋਵੇਂ ਵੇਲੇ ਸਾਫ਼ ਕੇਸ,
ਤਿਵੇਂ ਗੁਰਸ਼ਬਦ ਨਾਲ ਮਨ ਸਮਝਾਈਏ ਜੀ।
ਜਿਵੇਂ ਕ੍ਰਿਪਾਨ ਲਈ ਮਿਆਨ ਹੈ ਜ਼ਰੂਰੀ ਬਹੁਤ,
ਜਤ ਸਤ ਵਾਸਤੇ ਕਛਹਿਰੇ ਨੂੰ ਸਜਾਈਏ ਜੀ।
ਜਿਵੇਂ ਗੁਰੂ ਗ੍ਰੰਥ ਸਾਹਿਬ ਸ਼ੋਭਦੇ ਰੁਮਾਲਿਆਂ 'ਚ,
'ਸੁਖਦੇਵ ਸਿੰਘ' ਕੇਸਾਂ ਤੇ ਇਵੇਂ ਕੇਸਕੀ ਸਜਾਈਏ ਜੀ।



www.AKJ.Org

# ਅੰਮ੍ਰਿਤ ਦੀ ਸ਼ਕਤੀ

(ਲੈਫ. ਕਰਨਲ ਗੁਲਚਰਨ ਸਿੰਘ (ਰਿਟ.))

੧੬੯੯ ਈ. ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਵਿਖੇ ਇਕੱਤਰ ਕੀਤਾ। ਉਸ ਦਿਨ ਉਨ੍ਹਾਂ ਪੰਜ ਸੀਸਾਂ ਦੀ ਭੇਟਾ ਮੰਗੀ ਅਤੇ ਉਨ੍ਹਾਂ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ। ਫੇਰ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛੱਕਿਆ।

ਪੰਜ ਪਿਆਰੇ ਵੱਖਰੀ ਵੱਖਰੀ ਬਰਾਦਰੀ, ਵਰਣ ਅਤੇ ਭਾਰਤ ਦੇ ਵੱਖੋ ਵੱਖਰੇ ਭਾਗਾਂ ਦੇ ਵਾਸੀ ਸਨ। ਦਇਆ ਰਾਮ ਖੱਤਰੀ ਲਾਹੌਰ ਦਾ ਸੀ, ਧਰਮ ਦਾਸ ਜਾਟ ਦਿੱਲੀ ਦਾ ਸੀ, ਮੋਹਕਮ ਚੰਦ, ਇੱਕ ਧੋਬੀ ਪੱਛਮ ਵੱਲੋਂ ਦਵਾਰਕਾ ਦਾ ਸੀ, ਹਿੰਮਤ, ਲਾਂਗਰੀ ਜਗਨਨਾਥ ਦਾ ਤੇ ਨਾਈ ਸਾਹਿਬ ਚੰਦ ਹੇਠਾਂ ਦੱਖਣ ਵਿੱਚ ਬਿਦਰ ਦਾ ਸੀ। ਅੰਮ੍ਰਿਤ ਛੱਕ ਕੇ ਇਹ ਦਇਆ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ ਅਤੇ ਸਾਹਿਬ ਸਿੰਘ ਸਜ ਗਏ। ਇਹ ਵੱਖੋ ਵੱਖਰੇ ਵਰਣਾਂ ਦੇ ਪੁਰਸ਼ਾਂ ਨੂੰ, ਜੋ ਕਿ ਭਾਰਤ ਦੇ ਵੱਖਰੇ ਵੱਖਰੇ ਭਾਗਾਂ ਤੋਂ ਆਏ ਸਨ, ਇੱਕ ਹੀ ਬਰਤਨ ਵਿਚੋਂ ਪਾਹੁਲ ਛਕਾਉਣਾ ਭਾਰਤ ਦੇ ਇਤਿਹਾਸ ਵਿੱਚ ਇੱਕ ਅਦੁੱਤੀ ਘਟਨਾ ਹੈ। ਇਹ ਜਾਤੀਆਂ ਜਿਹੜੀਆਂ ਕਿ ਇਕੱਠਾ ਖਾਣਾ ਤੇ ਕਿਧਰੇ ਰਿਹਾ, ਇਕੱਠੇ ਬਹਿ ਵੀ ਨਹੀਂ ਸੀ ਸਕਦੀਆਂ, ਇੱਕ ਹੋ ਗਈਆਂ। ਇਹ ਭਾਰਤ ਦੀ ਸਮਾਜਿਕ ਤੇ ਸਿਆਸੀ ਦੁਨੀਆਂ ਵਿੱਚ ਇੱਕ ਇਨਕਲਾਬੀ ਤਬਦੀਲੀ ਸੀ। ਏਸ ਨੇ ਵਰਣ ਵੰਡ ਦੀਆਂ ਜੜ੍ਹਾਂ ਤੇ ਕੁਹਾੜਾ ਮਾਰਿਆ, ਉਹ ਵਰਣ ਵੰਡ ਜਿਹੜੀ ਕਿ ਭਾਰਤ ਦੀਆਂ ਕਈ ਕਮਜ਼ੋਰੀਆਂ ਦਾ ਕਾਰਨ ਬਣੀ ਹੋਈ ਸੀ ਅਤੇ ਅਜੇ ਵੀ ਹੈ। ਗੁਰੂ ਮਹਾਰਾਜ ਨੇ ਸਿਰਫ਼ ਲੈਕਚਰ ਹੀ ਨਹੀਂ ਕੀਤੇ, ਨਾ ਕੋਈ ਮਤਾ ਹੀ ਪਾਸ ਕਰਵਾਇਆ ਪਰ ਇਸ ਨੂੰ ਅਮਲੀ ਜਾਮਾ ਪੁਆਇਆ ਅਤੇ ਦੁਨੀਆਂ ਦੀ ਆਲੋਚਨਾ ਦੀ ਪਰਵਾਹ ਨਾ ਕਰਦੇ ਹੋਇਆਂ, ਪੱਕੇ ਇਰਾਦੇ ਨਾਲ ਇਸ ਤੇ ਫੁੱਲ ਚਾੜ੍ਹੇ ਅਤੇ ਇਸ ਨੂੰ ਸਪੱਸ਼ਟ ਕਰ ਵਿਖਾਇਆ। ਪ੍ਰੋ: ਪੂਰਨ ਸਿੰਘ ਦੇ ਕਥਨ ਮੁਤਾਬਿਕ ਇਸ ਤਬਦੀਲੀ ਨੇ ਪੁਰਸ਼ਾਂ ਵਿੱਚ ਇੱਕ ਕੁਦਰਤੀ Divine Democratic Feeling ਪੈਦਾ ਕੀਤਾ।

ਜਿੱਥੇ ਅੰਮ੍ਰਿਤ ਛਕਾਣ ਨੇ ਜਾਤ ਪਾਤ ਉੱਤੇ ਇੱਕ ਕਰਾਰੀ ਸੱਟ ਲਾਈ, ਉਥੇ ਨਾਲ ਹੀ ਇਹ ਭਾਰਤ ਦੀ ਅਖੰਡਤਾ ਵੱਲ ਇੱਕ ਅਹਿਮ ਕਦਮ ਵੀ ਸੀ। ਜੇਕਰ ਇਸ ਤਰ੍ਹਾਂ ਦੇ ਹੋਰ ਵੀ ਕਈ ਕਦਮ ਚੁੱਕੇ ਹੁੰਦੇ ਤਾਂ ਅੱਜ ਭਾਰਤਵਰਸ਼ ਦੀ ਸਿਆਸਤ ਵਿੱਚ ਇਹ ਘਾਟ ਨਾ ਹੁੰਦੀ ਜੋ ਕਿ ਹੁਣ ਜਾਪਦੀ ਹੈ। ਗੁਰੂ ਸਾਹਿਬ ਦੇ ਇੱਕ ਜਨਮ ਦਿਨ ਦੇ ਪੁਰਬ ਤੇ ਇਸ ਵਿਸ਼ੇ ਤੇ ਬੋਲਦਿਆਂ, ਭਾਰਤ ਦੇ ਇਤਿਹਾਸਕਾਰ ਡਾ: ਆਰ. ਸੀ. ਮਜੂਮਦਾਰ ਨੇ ਇਸ ਕ੍ਰਾਂਤੀਕਾਰੀ ਕੰਮ ਦੀ ਸ਼ਲਾਘਾ ਕਰਦਿਆਂ ਜ਼ੋਰ ਨਾਲ ਕਿਹਾ ਕਿ *"ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੰਮ ਇੱਕ ਦਿਨ ਵਿੱਚ ਕਰ ਵਿਖਾਇਆ ਉਹ ਸਾਡੀ ਅੱਜ ਦੀ ਸਰਕਾਰ ਵੀਹ ਸਾਲਾਂ ਵਿੱਚ ਵੀ ਨਹੀਂ ਕਰ ਸਕੀ।"* ਇਹਦੇ ਵਿੱਚ ਕੋਈ ਸ਼ੰਕਾ ਵੀ ਨਹੀਂ ਹੈ।

ਅੰਮ੍ਰਿਤ ਐਸਾ ਸ਼ਕਤੀਸ਼ਾਲੀ ਹੈ ਕਿ ਜਿਸ ਨੇ ਵੀ ਛੱਕਿਆ ਉਸ ਦੇ ਵਿੱਚ ਇੱਕ ਨਵੀਂ ਸਪਿਰਿਟ ਪੈਦਾ ਹੋ ਗਈ। ਉਹ ਲੋਕ, ਜਿਹੜੇ ਕਿ ਮੁਗਲਾਂ, ਅਫ਼ਗਾਨਾਂ ਦੇ ਨਾਂ ਤੋਂ ਡਰਦੇ ਆ ਰਹੇ ਸੀ, ਜਿਨ੍ਹਾਂ ਕਦੇ ਤਲਵਾਰ ਫੜੀ ਤੱਕ ਨਹੀਂ ਸੀ, ਅੰਮ੍ਰਿਤ ਪਾਨ ਕਰਕੇ ਬਹਾਦਰ, ਸੂਰਬੀਰ ਅਤੇ ਕੁਰਬਾਨੀ ਦੇ ਪੁੰਜ ਬਣ ਗਏ। ਉਹ ਮੌਤ ਤੋਂ ਡਰਨੋਂ ਹੱਟ ਗਏ ਅਤੇ ਆਪਣਾ ਸਭ ਕੁੱਝ ਦੇਸ਼, ਧਰਮ ਅਤੇ ਸੱਚਾਈ ਤੋਂ ਵਾਰਨ ਯੋਗ ਹੋ ਗਏ। ਮੈੱਲਕਮ ਦੇ ਕਹਿਣ ਮੁਤਾਬਿਕ ਗੁਰੂ ਗੋਬਿੰਦ ਸਿੰਘ ਦੀ ਧਾਰਮਿਕ ਸੰਸਥਾ ਹੀ ਸੀ ਜਿਸਨੇ ਕਿ ਉਹਨਾਂ ਇਨਸਾਨਾ ਨੂੰ ਜੋ ਕਿ ਮੁਦਤਾਂ ਤੋਂ ਸਮਾਜਿਕ ਲੀਥੜੇ ਬਣੇ ਹੋਏ ਸੀ, ਜਗਾ ਕੇ ਉਨ੍ਹਾਂ ਵਿੱਚ ਬਹਾਦਰੀ ਅਤੇ ਸਵਤੰਤਰਤਾ ਦੀ ਸਪਿਰਿਟ ਭਰ ਦਿੱਤੀ। ਇਸ ਲਈ ਉਹ ਮੌਤ ਲਾੜੀ ਵਿਆਹੁਣ ਤੋਂ ਨਹੀਂ ਡਰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ੧੬੯੯ ਈਸਵੀ ਦੀ ਵਿਸਾਖੀ ਵਾਲੇ ਦਿਨ ਕਿਹਾ ਸੀ ਕਿ ਉਹ ਐਸਾ ਸਿੱਖ ਪੈਦਾ ਕਰਨਗੇ ਜੋ ਸਵਾ ਲੱਖ ਨਾਲ ਇੱਕਲਾ ਹੀ ਲੜ ਸਕੇਗਾ, ਉਹ ਚਿੜੀਆਂ ਕੋਲੋਂ ਬਾਜ਼ ਖੁਹਾਏਗਾ। ਉਹਨਾਂ ਕਿਹਾ ਸੀ–

"ਚਿੜੀਉਂ ਸੇ ਮੈਂ ਬਾਜ਼ ਤੁੜਾਉਂ।
ਤਬੈ ਗੋਬਿੰਦ ਸਿੰਘ ਨਾਮ ਕਹਾਉ।"

ਇਹ ਅੰਮ੍ਰਿਤ ਦੀ ਸ਼ਕਤੀ ਹੀ ਸੀ ਕਿ ਭਾਈ ਬਚਿੱਤਰ ਸਿੰਘ ਅਨੰਦਪੁਰ ਦੇ ਕਿਲ੍ਹੇ ਤੋਂ ਬਾਹਰ ਵੈਰੀ ਦੇ ਇੱਕ ਮਸਤਾਏ ਹੋਏ ਹਾਥੀ ਨਾਲ ਇੱਕਲਾ ਹੀ ਦੋ ਹੱਥ ਕਰ ਸਕਿਆ ਸੀ। ਇਹ ਅੰਮ੍ਰਿਤ ਦੀ ਸ਼ਕਤੀ ਹੀ ਸੀ ਕਿ ਦਸਵੇਂ ਪਾਤਸ਼ਾਹ ਦੇ ਦੋ ਵੱਡੇ ਸਾਹਿਬਜ਼ਾਦੇ ਆਪਣੇ ਧਰਮ ਨੂੰ ਕਾਇਮ ਰੱਖਦੇ ਵੈਰੀ ਨਾਲ ਲੜਦੇ ਸ਼ਹੀਦ ਹੋ ਗਏ ਅਤੇ ਛੋਟੇ ਦੋ ਸਾਹਿਬਜ਼ਾਦੇ ਆਪਣੇ ਧਰਮ ਨੂੰ ਕਾਇਮ ਰੱਖਦੇ



www.AKJ.Org

ਵੈਰੀ ਕੋਲੋਂ ਸਰਹੰਦ ਨੀਹਾਂ ਵਿੱਚ ਚਿਣਵਾ ਦਿੱਤੇ ਗਏ। ਇਹ ਇਸ ਨਵੀਂ ਸਪਿਰਟ ਦਾ ਹੀ ਫਲਸਰੂਪ ਸੀ ਕਿ ੪੦ ਸਿੱਖ ਮੁਕਤਸਰ ਵਿੱਚ ਆਪਣੇ ਗੁਰੂ ਖਾਤਰ ਜੂਝਦੇ ਸ਼ਹੀਦ ਹੋ ਗਏ।

ਇਸ ਤਰ੍ਹਾਂ ਦੀਆਂ ਮਿਸਾਲਾਂ ਨਾਲ ਇਤਿਹਾਸ ਭਰਪੂਰ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਣ ਉਪਰੰਤ ਬੰਦਾ ਸਿੰਘ ਬਹਾਦਰ ਮੰਚ ਤੇ ਆਏ। ਉਹ ਮੁਗਲਾਂ ਵਾਸਤੇ ਇੱਕ ਹਊਆ ਬਣ ਗਏ। ਫੇਰ ਫੁੱਟ ਕਾਰਨ, ਜਦੋਂ ਉਹ ਫੜੇ ਗਏ ਤਾਂ ਦਿੱਲੀ ਵਿੱਚ ਉਹਨਾਂ ਦਾ ਛੋਟਾ ਲੜਕਾ ਉਨ੍ਹਾਂ ਦੇ ਸਾਹਮਣੇ ਕਤਲ ਕੀਤਾ ਗਿਆ ਅਤੇ ਉਸ ਦਾ ਛੋਟਾ ਜਿਹਾ ਧੜਕਦਾ ਦਿਲ ਬੰਦਾ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਕੋਸ਼ਿਸ਼ ਕੀਤੀ ਗਈ। ਫਿਰ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ, ਪਰ ਉਹ ਆਪਣੇ ਧਰਮ ਤੋਂ ਨਾ ਹਾਰੇ। ਉਹਨਾਂ ਦੀ ਟੋਲੀ ਵਿੱਚ ਇਕ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਵੀ ਸੀ। ਉਸਦੀ ਮਾਂ ਇਹ ਕਹਿ ਕੇ ਕਿ ਉਸਦਾ ਮੁੰਡਾ ਸਿੱਖ ਨਹੀਂ, ਉਸ ਦੀ ਰਿਹਾਈ ਦਾ ਹੁਕਮ ਲੈ ਆਈ ਸੀ। ਜਦੋਂ ਉਸ ਭੁਚੰਗੀ ਨੂੰ ਪਤਾ ਲੱਗਾ, ਉਹਨੂੰ ਬੜਾ ਰੋਹ ਆਇਆ ਤੇ ਕਹਿਣ ਲੱਗਾ, *"ਮੈਂ ਸਿੱਖ ਹਾਂ, ਇਹ ਬੁੱਢੀ ਝੂਠ ਬੋਲ ਰਹੀ ਹੈ।"* ਅਤੇ ਉਹ ਮੁੰਡਾ ਆਪਣੇ ਸਿੱਖ ਸਾਥੀਆਂ ਨਾਲ ਸ਼ਹੀਦ ਹੋ ਗਿਆ। ਲਾਹੌਰ ਵਿੱਚ ਸ਼ਹੀਦ ਗੰਜ, ਸਿੰਘਾਂ ਸਿੰਘਣੀਆਂ ਦੀ ਧਰਮ ਹੇਤ ਕੁਰਬਾਨੀ, ਮੌਤ ਤੋਂ ਨਿੱਡਰਤਾ, ਬਹਾਦਰੀ ਅਤੇ ਸੱਚਾਈ ਖਾਤਰ ਮਰਨ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਹੈ। ਸਿੰਘਣੀਆਂ ਨੇ ਆਪਣੇ ਬੱਚੇ ਆਪਣੇ ਸਾਹਮਣੇ ਕਰਾਹੁੰਦੇ ਵੇਖਿਆ। ਮਾਂ ਨੂੰ ਇਹਦੇ ਨਾਲੋਂ ਚੋਖਾ ਦੁੱਖ ਹੋਰ ਕੀ ਹੋ ਸਕਦਾ ਹੈ। ਮਾਂ ਦਾ ਆਪਣੇ ਬੱਚੇ ਲਈ ਪਿਆਰ ਸਮਾਨ ਬਾਕੀ ਸਭ ਪਿਆਰਾਂ ਹੇਠ ਹਨ।

ਏਸ ਸਪਿਰਟ ਸਦਕਾ ਸਿੱਖਾਂ ਨੇ ਤਕਲੀਫਾਂ ਝੱਲੀਆਂ, ਫੇਰ ਪੰਜਾਬ ਵਿਚ ਆਪਣਾ ਰਾਜ ਕਾਇਮ ਕੀਤਾ। ਕਸ਼ਮੀਰ ਅਤੇ ਸਰਹੱਦੀ ਸੂਬੇ ਨੂੰ ਵੀ ਸਰ ਕੀਤਾ। ਉਹਨਾਂ ਦਾ ਸਿੱਕਾ ਜਮਨਾ ਤੋਂ ਖੈਬਰ ਤੱਕ ਤੇ ਲੱਦਾਖ ਕਸ਼ਮੀਰ ਤੋਂ ਸ਼ਿਕਾਰਪੁਰ ਤੱਕ ਚੱਲਦਾ ਸੀ। ਇੱਥੇ ਇੱਕ ਅਜੀਬ ਕਿੱਸੇ ਦਾ ਵਰਨਣ ਕਰ ਦੇਣਾ ਕੁਥਾਵਾਂ ਨਹੀਂ ਹੋਵੇਗਾ। ਇਹ ੧੮੧੮ ਈਸਵੀ ਦੀ ਵਾਰਦਾਤ ਹੈ ਜਦੋਂ ਕਿ ਸਿੰਘਾਂ ਨੇ ਮੁਲਤਾਨ ਨੂੰ ਘੇਰਿਆ ਹੋਇਆ ਸੀ। ਇਸ ਦੌਰਾਨ ਵਿੱਚ ਇੱਕ ਤੋਪ ਦਾ ਪਹੀਆ ਟੁੱਟ ਗਿਆ, ਤੋਪ ਚੱਲਣੋਂ ਹੱਟ ਗਈ। ਸਮਾਂ ਥੋੜ੍ਹਾ ਹੀ ਸੀ ਪਰ ਮੁਰੰਮਤ ਕਰਨ ਨੂੰ ਕਾਫੀ ਸਮਾਂ ਲੱਗ ਜਾਣਾ ਸੀ। ਇੱਕ ਦਮ ਟੋਲੀ ਦੇ ਸਰਦਾਰ ਨੂੰ ਇੱਕ ਵਿਉਂਤ ਸੁੱਝੀ ਕਿ ਜੇਕਰ ਧੁਰੇ ਹੇਠ ਮੋਢਾ ਦਿੱਤਾ ਜਾਵੇ ਤਾਂ ਤੋਪ ਚੱਲ ਸਕਦੀ ਹੈ ਪਰ ਇੰਝ ਕੀਤਿਆਂ ਮੋਢਾ ਕੀ ਮੋਢਾ ਦੇਣ ਵਾਲੇ ਦੀ ਜਾਨ ਨੂੰ ਵੀ ਖਤਰਾ ਸੀ। ਜਦੋਂ ਉਸਨੇ ਇਹ ਗੱਲ ਆਪਣੇ ਸਾਥੀਆਂ ਨੂੰ ਦੱਸੀ ਤਾਂ ਮੋਢਾ ਦੇਣ ਲਈ ਸਾਰੇ ਤਿਆਰ ਹੋ ਗਏ ਪਰ ਸਰਦਾਰ ਨੇ ਕਰਮਵਾਰ ਮੋਢਾ ਦੇਣ ਲਈ ਕਿਹਾ ਅਤੇ ਪਹਿਲੇ ਆਪਣਾ ਮੋਢਾ ਦਿੱਤਾ। ਤੋਪ ਚੱਲ ਪਈ, ਨਾਲ ਹੀ ਸਰਦਾਰ ਸ਼ਹੀਦ ਹੋ ਗਿਆ। ਫੇਰ ਦੂਜੇ ਨੇ ਮੋਢਾ ਦਿੱਤਾ, ਉਸੇ ਤਰ੍ਹਾਂ ਹੋਇਆ। ਇਸ ਤਰ੍ਹਾ ਸਾਰੀ ਟੋਲੀ ਖਤਮ ਹੋ ਗਈ ਅਤੇ ਉਧਰੋਂ ਕਿਲ੍ਹੇ ਦੀ ਕੰਧ ਵਿਚ ਵੀ ਮੋਰਾ ਹੋ ਗਿਆ, ਕਿਲ੍ਹਾ ਜਿੱਤਿਆ ਗਿਆ।

ਗੁਲਾਮ ਜੀਲਾਨੀ ਇੱਕ ਅਫਗਾਨੀ ਜਾਸੂਸ, ਜੋ ਕਿ ਸਿੱਖਾਂ ਦੇ ਕੈਂਪ ਵਿੱਚ ਫਿਰ ਰਿਹਾ ਸੀ, ਨੇ ਇਹ ਸਾਰਾ ਕੁੱਝ ਵੇਖਿਆ ਸੁਣਿਆ। ਇਹ ਵੇਖ ਕੇ ਉਸ ਨੂੰ ਵੀ ਜੋਸ਼ ਆ ਗਿਆ ਕਿ ਉਹ ਭੀ ਆਪਣਾ ਮੋਢਾ ਦੇਵੇ। ਪਰ ਮੌਤ ਅੱਖਾਂ ਸਾਹਮਣੇ ਆ ਖਲੋਤੀ ਅਤੇ ਉਹ ਇਹ ਸੋਚ ਕੇ ਕਿ ਜੇ ਉਹ ਮਰ ਜਾਏਗਾ ਤਾਂ ਇਹ ਬਹਾਦਰੀ ਦਾ ਨਿਸ਼ਕਾਮ ਕੁਰਬਾਨੀ ਦਾ ਕਿੱਸਾ ਦੁਨੀਆਂ ਨੂੰ ਕੌਣ ਦੱਸੇਗਾ ? ਹਟ ਗਿਆ। ਇਹ ਵਾਰਦਾਤ ਉਸਨੇ ਆਪਣੀ ਕਿਤਾਬ *'ਜੰਗ ਮੁਲਤਾਨ'* ਵਿੱਚ ਵਿਸਥਾਰ ਸਹਿਤ ਕੀਤੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿੱਚ ਐਸੀਆਂ ਹਸਤੀਆਂ ਸਨ ਜਿਵੇਂ ਕਿ ਅਕਾਲੀ ਫੂਲਾ ਸਿੰਘ, ਜਰਨੈਲ ਹਰੀ ਸਿੰਘ ਨਲਵਾ ਆਦਿ ਜਿਨ੍ਹਾਂ ਦਾ ਨਾਂ ਹੀ ਸਵਾ ਲੱਖ ਫੌਜ ਦੇ ਬਰਾਬਰ ਸੀ। ਉਹਨਾਂ ਦੇ ਨਾਂ ਤੋਂ ਹੀ ਵੈਰੀ ਡਰਦਾ ਸੀ। ਅੱਜ ਤੱਕ ਸਰਹੰਦ ਵਿੱਚ ਮਾਵਾਂ ਆਪਣੇ ਸ਼ੈਤਾਨ ਬੱਚਿਆਂ ਨੂੰ ਡਰਾਉਣ ਲਈ ਕਹਿੰਦੀਆਂ ਹਨ : *'ਹਰੀਆ ਰਾਗਲੇ ਦਾ'* (ਹਰੀਆ ਆ ਗਿਆ)।

ਆਪਸ ਦੀ ਫੁੱਟ ਅਤੇ ਗੱਦਾਰ ਲੀਡਰਾਂ ਕਾਰਨ ਭਾਵੇਂ ਸਿੱਖਾਂ ਦੀ ਹਕੂਮਤ ਜਾਂਦੀ ਰਹੀ ਪਰ ਉਹਨਾਂ ਵਿੱਚ ਦਸਵੇਂ ਪਾਤਸ਼ਾਹ ਦਾ ਦਿੱਤਾ ਹੋਇਆ ਦਲੇਰੀ, ਬਹਾਦਰੀ ਅਤੇ ਕੁਰਬਾਨੀ ਦਾ ਮਾਦਾ ਉਵੇਂ ਹੀ ਕਾਇਮ ਰਿਹਾ। ਇਸ ਵਿੱਚ ਕੋਈ ਘਾਟ ਨਹੀਂ ਵਾਪਰੀ। ਪਾਹੁਲ ਦੀ ਮਹੱਤਤਾ ਅੰਗਰੇਜ਼ਾਂ ਦੀ ਨਵੀਂ ਸਰਕਾਰ ਨੇ ਵੀ ਜਾਂਚ ਲਈ ਸੀ। ਇਸ ਬਾਰੇ ਉਨ੍ਹਾਂ ਦੀ ਇੱਕ ਰਿਪੋਰਟ ਵਿੱਚ ਇਹ ਲਿਖਿਆ ਮਿਲਦਾ ਹੈ ਕਿ ਸਿੱਖ ਧਰਮ ਦਾ ਆਪਣੇ ਪੈਰੋਕਾਰਾਂ ਵਿੱਚ ਮਾਰਸ਼ਲ ਸਪਿਰਟ ਦਾ ਭਰਨਾ ਸਭ ਜਾਣਦੇ ਹਨ। ਇਹਦੀ



www.AKJ.Org

ਇਕ ਖਾਸ ਸਿਫਤ ਹੈ। ਇਹ ਸਿੱਖ ਪਲਟਨਾਂ ਦੇ ਕਾਰਨਾਮਿਆਂ ਤੋਂ ਅਵੱਸ਼ ਪ੍ਰਗਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਸਿਖਿਆ ਨੇ ਇਹਨਾਂ ਤੇ ਜਾਦੂ ਦਾ ਅਸਰ ਕੀਤਾ ਹੈ ਅਤੇ ਜੋ ਪੁਸ਼ਤਾਂ ਤੋਂ ਨੀਚ ਜਾਤੀ ਦੇ ਕਹਾਉਂਦੇ ਆ ਰਹੇ ਸਨ, ਬਹਾਦਰ ਤੇ ਦਲੇਰ ਬਣ ਗਏ, ਇਸੇ ਸਿਫ਼ਤ ਦੇ ਸਦਕੇ ਹੀ ਅੰਗਰੇਜ਼ਾਂ ਦੇ ਵੇਲੇ ਭਾਰਤੀ ਸੈਨਾ ਵਿੱਚ ਸਿੱਖ ਸਾਰੀ ਸੈਨਾ ਦਾ ਪੰਜਵਾਂ ਹਿੱਸਾ ਹੁੰਦੇ ਸਨ। ਉਹਨਾਂ ਨੇ ਇਹ ਅਸੂਲ ਬਣਾ ਦਿੱਤਾ ਸੀ ਕੇ ਫ਼ੌਜ ਵਿੱਚ ਭਰਤੀ ਹੋਣ ਵਾਲਾ ਹਰ ਸਿੱਖ ਅੰਮ੍ਰਿਤਧਾਰੀ ਹੋਵੇ ਕਿਉਂਕਿ ਇਸ ਤੋਂ ਬਗੈਰ ਸਿੱਖ ਦੀ ਮਾਰਸ਼ਲ ਸਪਿਰਟ ਵਿੱਚ ਫਰਕ ਪੈਂਦਾ ਸੀ। ਇਸ ਕਾਰਨ ਉਨ੍ਹਾਂ ਦੀ ਹਕੂਮਤ ਵੇਲੇ ਸਿੱਖ ਧਰਮ ਆਪਣੇ ਆਪ ਵਿੱਚ ਕਾਇਮ ਰਿਹਾ, ਜਿਸ ਦੇ ਨਤੀਜੇ ਵਜੋਂ ਅੰਗਰੇਜ਼ਾਂ ਨੇ ਫਾਇਦਾ ਉਠਾਇਆ। ਉਹਨਾਂ ਸਿੱਖਾਂ ਨੂੰ ਹਰ ਥਾਂ ਵਰਤ ਕੇ ਆਪਣਾ ਤਸੱਲਤ ਸਾਰੀ ਦੁਨੀਆਂ ਵਿਚ ਜਮਾ ਰੱਖਿਆ ਸੀ ਕਿਉਂਕਿ ਉਨ੍ਹਾਂ ਵਿੱਚ ਸਿੱਖਾਂ ਨੂੰ ਸਹੀ ਕਿਸਮ ਦੀ ਲੀਡਰਸ਼ਿਪ ਮਿਲੀ ਸੀ। ਉਹਨਾਂ ਦੇ ਜ਼ਮਾਨੇ ਵਿੱਚ ਵੀ ਸਿੱਖਾਂ ਦੀ ਬਹਾਦਰੀ ਦੇ ਕਈ ਕਿੱਸੇ ਹਨ। ਇਨ੍ਹਾਂ ਵਿਚੋਂ ਸਾਰਾਗੜ੍ਹੀ ਦਾ ਕਿੱਸਾ ਬੜਾ ਮਹੱਤਵਪੂਰਨ ਹੈ ਜੋ ਇੰਝ ਹੈ -

ਜੁਲਾਈ ੧੮੯੭ ਵਿੱਚ ਇੱਕ ਮੁੱਲਾ ਨੇ (ਜਿਸ ਨੂੰ ਕਿ *'ਪਾਗਲ ਮੁੱਲਾ'* ਕਿਹਾ ਜਾਂਦਾ ਸੀ) ਪਠਾਣਾਂ ਨੂੰ ਅੰਗਰੇਜ਼ਾਂ ਦੇ ਬਰਖਿਲਾਫ ਭੜਕਾਇਆ ਤੇ ਜਹਾਦ ਸ਼ੁਰੂ ਕਰ ਦਿੱਤਾ। ਇਸ ਜ਼ਹਾਦ ਦੇ ਕਈ ਕਾਰਨ ਦੱਸੇ ਜਾਂਦੇ ਹਨ। ਜਿਨ੍ਹਾਂ ਵਿੱਚ ਇੱਥੇ ਜਾਣਾ ਜ਼ਰੂਰੀ ਨਹੀਂ। ਇਹ ਜ਼ਹਾਦ ਪਹਿਲਾਂ ਮੁਲਾਕੰਦ ਦੇ ਇਲਾਕੇ ਵਿਚ ਸ਼ੁਰੂ ਹੋਇਆ ਅਤੇ ਹੌਲੀ ਹੌਲੀ ਸਾਰੇ ਇਲਾਕੇ ਵਿਚ ਫੈਲ ਗਿਆ। ਕੁੱਰਮ ਦਾ ਇਲਾਕਾ ਵੀ ਇਹਦੀ ਮਾਰ ਵਿੱਚ ਆ ਗਿਆ। ਏਸ ਸਮੇਂ ੩੬ ਸਿੱਖ (ਜੋ ਕਿ ਅੱਜਕਲ ੪ ਸਿੱਖ ਕਹਾਂਦੀ ਹੈ) ਸਮਾਨਾ ਪਹਾੜੀ ਤੇ ਲੱਗੀ ਹੋਈ ਸੀ। ਇਹਦਾ ਹੈਡਕਵਾਟਰ ਲੋਕ ਹਾਰਟ ਕਿਲ੍ਹੇ ਵਿੱਚ ਸੀ। ਇਹਦਾ ਇੱਕ ਹਿੱਸਾ ਗੁਲਿਸਤਾਨ ਤੇ ਸੀ ਅਤੇ ਨਿੱਕੀ ਜਿਹੀ ਟੁਕੜੀ ਜਿਸ ਵਿੱਚ ੨੨ ਜਵਾਨ ਸਨ, ਇਹਨਾਂ ਦੋਹਾਂ ਦੇ ਮੇਲ ਮਿਲਾਪ ਲਈ ਵਿਚਕਾਰ ਲਾਈ ਹੋਈ ਸੀ। ਪਠਾਣਾਂ ਨੇ ਇਸ ਛੋਟੀ ਜਿਹੀ ਥਾਂ ਦੀ ਮਹੱਤਤਾ ਜਾਣਦਿਆਂ ਹੋਇਆਂ ਪਹਿਲਾਂ ਇਸੇ ਤੇ ਹੀ ਹੱਲਾ ਬੋਲ ਦਿੱਤਾ। ਪਠਾਣਾਂ ਨੇ ਜੋ ਕਿ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਸਨ, ਸਾਰਾਗੜ੍ਹੀ ਦੀ ਪਿਕਟ ਨੂੰ ਚਾਰੇ ਪਾਸਿਓਂ ਘੇਰ ਲਿਆ। ਇਹਨਾਂ ਦਾ ਮਿਲਾਪ ਟੁੱਟ ਗਿਆ, ਸਿਵਾਏ ਏਸ ਦੇ ਕਿ ਉਹ ਸ਼ੀਸ਼ੇ ਨਾਲ ਆਪਣੇ ਕਮਾਡਿੰਗ ਅਫਸਰ (ਸੀ .ਓ.) ਨਾਲ ਗੱਲਬਾਤ ਕਰ ਸਕਦੇ ਸਨ। ਇੱਥੇ ਕਿਸੇ ਪਾਸਿਉਂ ਵੀ ਕੋਈ ਕੁਮਕ, ਅੰਨ-ਪਾਣੀ ਜਾਂ ਹੋਰ ਸਹਾਇਤਾ ਨਹੀਂ ਸੀ ਅੱਪੜ ਸਕਦੀ। ਸੋ ਸੀ. ਓ. ਸਿਰਫ ਦੂਰ ਬੈਠਾ ਹੱਲਾਸ਼ੇਰੀ ਹੀ ਦੇ ਸਕਦਾ ਸੀ।

ਏਸ ਟੋਲੀ ਨੇ ਬੜੀ ਬਹਾਦਰੀ ਨਾਲ ਵੈਰੀ ਦਾ ਮੁਕਾਬਲਾ ਕੀਤਾ। ਉਹਨਾਂ ਨੇ ਆਪਣੇ ਗੁਰੂ ਦੇ ਸ਼ਬਦ ਸਪੱਸ਼ਟ ਕਰ ਵਿਖਾਏ। ਇੱਕ ਇੱਕ ਖਾਲਸਾ ਕਈਆਂ ਨਾਲ ਜੂਝਿਆ। ਜਦੋਂ ਵੀ ਕੋਈ ਘਟਨਾ ਵਾਪਰਦੀ, ਸ਼ੀਸ਼ੇ ਦੇ ਰਾਹੀਂ ਸੀ. ਓ. ਨੂੰ [illegible] ਕਰ ਦਿੱਤੀ ਜਾਂਦੀ। ਜਦੋਂ ਵੀ ਕੋਈ ਜਵਾਨ ਸ਼ਹੀਦ ਹੁੰਦਾ ਸੀ, ਸੀ. ਓ. ਨੂੰ ਖ਼ਬਰ ਕਰ ਦਿੱਤੀ ਜਾਂਦੀ। ਇੱਕ ਸਮਾਂ ਐਸਾ ਆ ਗਿਆ ਕਿ ਇੱਕ ਤੋਂ ਬਿਨਾਂ ਸਭ ਜਵਾਨ ਸ਼ਹੀਦ ਹੋ ਗਏ ਸੀ। ਇਹ ਆਖਰੀ ਜਵਾਨ ਸ਼ੀਸ਼ੇ ਵਾਲਾ ਸੀ। ਉਹਨਾਂ ਹੈਡਕੁਆਟਰ ਨੂੰ ਇਹ ਸੰਦੇਸ਼ ਭੇਜਿਆ, *'ਵੈਰੀ ਅਗਾਂਹ ਵਧਦਾ ਆ ਰਿਹਾ ਹੈ, ਮੈਂ ਰਫ਼ਲ ਫੜ ਲਵਾਂ ਕਿ ਸ਼ੀਸ਼ੇ ਰਾਹੀਂ ਖ਼ਬਰਾਂ ਹੀ ਦੇਂਦਾ ਰਹਾਂ?'* ਇਸ ਸੁਨੇਹੇ ਤੋਂ ਸਿੱਖ ਦੀ ਆਪਣੇ ਫ਼ਰਜ਼ ਵਾਰੇ ਦ੍ਰਿੜ੍ਹਤਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਉਹਨੇ ਹੌਂਸਲਾਂ ਨਹੀਂ ਛੱਡਿਆ, ਜਦੋਂ ਕਿ ਮੌਤ ਉਸ ਨੂੰ ਚਹੁੰ ਪਾਸਿਆਂ ਤੋਂ ਘੇਰੀਂ ਵੱਧਦੀ ਆ ਰਹੀ ਸੀ। ਆਖਰ ਉਹ ਬਾਈਵਾਂ ਜਵਾਨ ਵੀ ਸ਼ਹੀਦ ਹੋ ਗਿਆ। ਇਹ ਸਾਰੇ ਬਹਾਦਰ ਸਾਰਾਗੜ੍ਹੀ ਦੇ ਖੰਡਰਾਂ ਵਿਚ ਸ਼ਹੀਦ ਹੋ ਗਏ। ਉਹਨਾਂ ਨੇ ਆਪਣੀ ਜਾਨ ਦੇ ਦਿੱਤੀ ਪਰ ਆਪਣੇ ਗੁਰੂ ਦੇ ਪੈਦਾ ਕੀਤੇ ਬਹਾਦਰੀ ਮਾਦੇ ਨੂੰ ਵੱਟਾ ਨਹੀਂ ਲੱਗਣ ਦਿੱਤਾ। ਬੇਦਰਦੀ ਦੀ ਜ਼ਿੰਦਗੀ ਨਾਲੋਂ ਇੱਜ਼ਤਦਾਰ ਮੌਤ ਕਿਧਰੇ ਚੰਗੀ ਹੁੰਦੀ ਹੈ।

ਇਹ ਕਿੱਸਾ ੧੨ ਸਤੰਬਰ ਨੂੰ ਵਾਪਰਿਆ ਅਤੇ ਇਸਦੀ ਯਾਦ ਵਿੱਚ ਉਸੇ ਥਾਂ ਤੇ ਇੱਕ ਯਾਦਗਾਰ ਬਣਾਈ ਗਈ। ਐਸੀ ਹੀ ਇੱਕ ਯਾਦਗਾਰ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਨੇੜੇ ਬਣੀ ਹੋਈ ਹੈ। ਇੱਕ ਫਿਰੋਜ਼ਪੁਰ ਸ਼ਹਿਰ ਵਿੱਚ ਵੀ ਬਣਾਈ ਗਈ ਹੈ। ਕਿਉਂਕਿ ਇਹ ੨੨ ਦੇ ੨੨ ਜਵਾਨ ਉਸ ਜ਼ਿਲੇ ਦੇ ਹੀ ਸਨ। ਇੱਕ ਹੋਰ ਯਾਦਗਾਰ ਸਿੱਖ ਰੈਜਮੈਂਟਲ ਸੈਂਟਰ ਮੇਰਠ ਵਿੱਚ ਬਣਾਈ ਗਈ ਹੈ। ੧੨ ਸਤੰਬਰ ਦਾ ਦਿਨ ਸਾਰੀ ਸਿੱਖ ਰੈਜਮੈਂਟ ਦਾ ਇਤਿਹਾਸਕ ਦਿਨ ਕਰਾਰ ਦਿੱਤਾ ਗਿਆ ਹੈ ਅਤੇ ਸਾਰੀਆਂ ਸਿੱਖ ਪਲਟਨਾਂ ਇਸ ਨੂੰ ਬੜੀ ਸ਼ਰਧਾ ਨਾਲ ਮਨਾਂਦੀਆਂ ਹਨ।



www.AKJ.Org

ਭਾਰਤ ਨੂੰ ਆਜ਼ਾਦੀ ਮਿਲਣ ਉਪਰੰਤ ਵੀ ਸਿੱਖਾਂ ਦੀ ਬਹਾਦਰੀ ਦੇ ਕਈ ਕਾਰਨਾਮੇ ਸਾਹਮਣੇ ਆਉਂਦੇ ਹਨ ਜਿਵੇਂ ਕਿ ਇਨ੍ਹਾਂ ਨੇ ੧੯੪੭ ਵਿੱਚ ਕਸ਼ਮੀਰ ਵੈਲੀ ਨੂੰ ਵੈਰੀ ਦੇ ਹੱਥ ਆਉਣੋਂ ਬਚਾਇਆ, ਜਿਸ ਵਿੱਚ ਹੋਰ ਬਹਾਦਰੀ ਤੋਂ ਇਲਾਵਾ ਇਨ੍ਹਾਂ ਦੇ ਇੱਕ ਜਵਾਨ ਨੂੰ ਭਾਰਤ ਵਿੱਚ ਦੁਸ਼ਮਣ ਦੇ ਰੂਬਰੂ ਬਹਾਦਰੀ ਵਿਖਾਉਣ ਲਈ ਸਭ ਤੋਂ ਉੱਤਮ ਅਵਾਰਡ *'ਪਰਮ ਵੀਰ ਚੱਕਰ'* ਮਿਲਿਆ। ੧੯੬੨ ਵਿੱਚ ਭਾਰਤ ਉੱਤੇ ਨੀਫਾ ਵਿੱਚ ਚੀਨੀ ਹਮਲੇ ਸਮੇਂ ਸਿੱਖ ਰੈਜਮੈਂਟ ਦੀ ਇੱਕ ਪਲਟਨ ਨੇ ਬੜੀ ਸੂਰਬੀਰਤਾ ਨਾਲ ਨਮੂਨਾ ਦਿੱਤਾ ਅਤੇ ਪਹਾੜਾਂ ਦੀਆਂ ਚੋਟੀਆਂ ਉੱਤੇ ਲੜਕੇ ਵੈਰੀ ਦੇ ਦੰਦ ਖੱਟੇ ਕੀਤੇ। ਇਸ ਸੰਗਰਾਮ ਵਿੱਚ ਵੀ ਇੱਕ ਸਰਦਾਰ ਨੂੰ ਪਰਮਵੀਰ ਚੱਕਰ ਦਿੱਤਾ ਗਿਆ। ੧੯੬੫ ਦੀ ਹਿੰਦ-ਪਾਕਿ ਦੀ ਲੜਾਈ ਵਿੱਚ ਵੀ ਸਿੱਖਾਂ ਨੇ ਵੈਰੀ ਨੂੰ ਆਪਣੇ ਕਮਾਲ ਦੱਸੇ। ਸਿੱਖ ਜਨਤਾ ਨੇ ਸੈਨਿਕਾਂ ਦੀ ਸੇਵਾ ਕੀਤੀ। ਰੋਟੀਆਂ ਪਕਾ ਪਕਾ ਕੇ ਅਗਲੇ ਮੋਰਚਿਆਂ ਵਿੱਚ ਭੇਜੀਆਂ, ਟਰੱਕ ਦਿੱਤੇ, ਕੱਪੜੇ ਅਤੇ ਹੋਰ ਖਾਣ ਪੀਣ ਦਾ ਸਾਮਾਨ ਦਿੱਤਾ। ਇਸੇ ਹੀ ਲੜਾਈ ਵਿੱਚ ਕਸ਼ਮੀਰ ਵਿੱਚ ਇੱਕ ਵਾਕਿਆ ਹੋਇਆ ਅਤੇ ਦੂਜੀ ਸਾਰਾਗੜ੍ਹੀ ਹੋਣੋਂ ਬੱਚ ਗਈ। ਇਹ ਇੱਕ ਫਰਕੀਆ-ਦੀ-ਗਲੀ ਨਾਲ ਦੀ ਪਿਕਟ ਕਸ਼ਮੀਰ ਵਿੱਚ ਸੀ। ਇੱਥੇ ਇੱਕ ਸਿੱਖ ਪਲਟਨ ਦੇ ਇੱਕ ਸਰਦਾਰ ਤੇ ੨੨ ਜਵਾਨ ਸਨ। ਅਗਸਤ ਦੇ ਸ਼ੁਰੂ ਵਿੱਚ ਵੈਰੀ ਨੇ ਇਸ ਪਿਕਟ ਤੇ ਹੱਲਾ ਬੋਲ ਦਿੱਤਾ ਪਰ ਉਹ ਸਫਲ ਨਾ ਹੋ ਸਕਿਆ। ਫੇਰ ੧੪/੧੫ ਅਗਸਤ ਦੀ ਰਾਤ ਨੂੰ ਏਸੇ ਪਿਕਟ ਨੂੰ ਵੈਰੀ ਨੇ ਘੇਰਾ ਪਾ ਲਿਆ ਅਤੇ ਪਿਕਟ ਤੇ ਕਬਜ਼ਾ ਕਰਨ ਦਾ ਪੱਕਾ ਇਰਾਦਾ ਕਰ ਲਿਆ। ਦੁਸ਼ਮਣ ਨੇ ਆਉਂਦਿਆਂ ਸਾਰ ਹੀ ਟੈਲੀਫੋਨ ਦੀ ਤਾਰ ਵੱਢ ਦਿੱਤੀ। ਸੋ ਇਸ ਪਿਕਟ ਦਾ ਆਪਣੇ ਸੀ. ਓ. ਨਾਲ ਸਿਰਫ ਵਾਇਰਲੈਸ ਨਾਲ ਹੀ ਮਿਲਣ ਦਾ ਸਾਧਨ ਰਹਿ ਗਿਆ। ਦੁਸ਼ਮਣ ਕੋਲ ਕਬਾਇਲੀ ਨਹੀਂ ਸੀ, ਪਾਕਿਸਤਾਨੀ ਫੌਜ ਸੀ ਜੋ ਕਿ ਅਜੋਕੇ ਹਥਿਆਰਾਂ ਨਾਲ ਲੈਸ ਸੀ। ਏਸ ਹਾਲਤ ਵਿੱਚ ਵੀ ਸੀ. ਓ. ਕੋਈ ਕੁਮਕ ਨਹੀਂ ਸੀ ਭੇਜ ਸਕਦਾ ਸਿਰਫ ਹੱਲਾ ਸ਼ੇਰੀ ਹੀ ਦੇ ਸਕਦਾ ਸੀ, ਜੋ ਕਿ ਵਾਇਰਲੈੱਸ ਸੈੱਟ ਰਾਹੀਂ ਦੇਂਦਾ ਰਿਹਾ। ਸੀ. ਓ. ਨੇ ਉਹਨਾਂ ਨੂੰ ਖ਼ਾਲਸਾਈ ਰਵਾਇਤਾਂ ਬਾਰੇ ਯਾਦ ਕਰਾਇਆ। ਉਨ੍ਹਾਂ ਨੂੰ ਸਾਰਾਗੜ੍ਹੀ ਦਾ ਕਿੱਸਾ ਯਾਦ ਕਰਵਾਇਆ ਜਿੱਥੇ ਕਿ ੨੨ ਸਿੰਘ ਲੜਦੇ ਮਰ ਗਏ ਸੀ, ਪਰ ਹਾਰ ਨਹੀਂ ਸੀ ਮੰਨੀ। ਇਹ ਜਵਾਨ ਸਾਰੀ ਰਾਤ ਮੁਕਾਬਲਾ ਕਰਦੇ ਰਹੇ, ਅਗਲਾ ਸਾਰਾ ਦਿਨ ਵੀ ਮੁਕਾਬਲਾ ਕੀਤਾ। ਸ਼ਾਮ ਨੂੰ ਜਦੋਂ ਵੈਰੀ ਨੇ ਸਫਲਤਾ ਪ੍ਰਾਪਤ ਹੁੰਦੀ ਨਾ ਵੇਖੀ ਤਾਂ ਹਾਰ ਕੇ ਪਿੱਛੇ ਹੱਟ ਗਿਆ। ਇਸ ਸਾਰੇ ਸੰਗਰਾਮ ਵਿੱਚ ਪਿਕਟ ਦਾ ਸਿਰਫ ਇੱਕ ਜਵਾਨ ਹੀ ਫੱਟੜ ਹੋਇਆ।

੧੯੭੧ ਦੀ ਲੜਾਈ ਵਿੱਚ ਵੀ ਖ਼ਾਲਸੇ ਨੇ ਬੜੀਆਂ ਘਾਲਾਂ ਘਾਲੀਆਂ ਅਤੇ ਬੰਗਲਾ ਦੇਸ਼ ਦੀਆਂ ਅਬਲਾਵਾਂ ਜਿਨ੍ਹਾਂ ਨੂੰ ਪਾਕਿਸਤਾਨੀਆਂ ਨੇ ਅਲਫ ਨੰਗਾ ਕੀਤਾ ਹੋਇਆ ਸੀ, ਕਬਜ਼ਾ ਕਰਨ ਤੇ ਉਨ੍ਹਾਂ ਦੀ ਪੱਤ ਆਪਣੇ ਸਾਫਿਆ ਨਾਲ ਢੱਕੀ। ਛੰਬ ਦੇ ਇਲਾਕੇ ਵਿੱਚ ਇੱਕ ਸਿੱਖ ਪਲਟਨ ਨੇ ਬਹਾਦਰੀ ਨਾਂਲ ਵੈਰੀ ਦਾ ਮੁਕਾਬਲਾ ਕੀਤਾ। ਇੱਕ ਸਿੱਖ ਪਲਟਨ ਨੇ ਲੀਪਾ ਵੈਲੀ ਵਿੱਚ ਕਈ ਮਾਅਰਕੇ ਮਾਰੇ।

ਅੰਮ੍ਰਿਤ ਦੀ ਸ਼ਕਤੀ ਸਦਕਾ ਧਾਰਮਿਕ ਸਿੱਖ ਤਹਿਰੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਇੱਕ ਵੱਖਰਾ ਧਰਮ ਅਤੇ ਸਵਤੰਤਰ ਕੌਮ ਬਣ ਗਈ ਜਿਸ ਦੀ ਬਹਾਦਰੀ ਦੀਆਂ ਧੁੰਮਾਂ ਸਾਰੇ ਸੰਸਾਰ ਵਿੱਚ ਫੈਲ ਗਈਆਂ।

*****

## ਸਿੱਖੀ

(ਪਰਮਜੀਤ ਸਿੰਘ 'ਪੰਮਾ')

ਸਿੱਖੀ ਖੰਡੇ ਨਾਲੋਂ ਵੀ ਹੈ ਤਿੱਖੀ,
ਗੱਲਾਂ ਨਾਲ ਹੀ ਨਹੀਂ ਲਈ ਪਾਲ ਸਿੱਖੀ।
ਪੰਜਵੇਂ ਪਿਤਾ ਸ਼ਹਾਦਤ ਦੀ ਦਿੱਤੀ ਗੁੜ੍ਹਤੀ,
ਪਲ਼ੀ ਸ਼ਹੀਦਾਂ ਦੇ ਖ਼ੂਨ ਦੇ ਨਾਲ ਸਿੱਖੀ।

ਸਿੰਘ ਡਰਦੇ ਨਹੀਂ ਕੁਰਬਾਨੀਆਂ ਤੋਂ,
ਇਹ ਜੰਮੇ ਨੇ ਖੰਡੇ ਦੀ ਧਾਰ ਵਿੱਚੋਂ।
ਸਿੰਘਾਂ ਮੌਤ 'ਚੋਂ ਜਿੰਦ ਨੂੰ ਤੱਕਿਆ ਏ,
ਕਲਗੀਧਰ ਪਿਤਾ ਦੀ ਕ੍ਰਿਪਾਨ ਵਿੱਚੋਂ।



www.AKJ.Org

# ਐਸੀ ਰਹਿਤ ਰਹਉ ਹਰਿ ਪਾਸਾ

(ਗਿਆਨੀ ਹਰਬੰਸ ਸਿੰਘ ਤੇਗ)

ਰਹਤ ਜਾਂ ਰਹਿਤ ਦੇ ਅੱਖਰੀ ਅਰਥ ਹਨ ਰਹਿਣ ਦਾ ਢੰਗ, ਜੀਵਨ ਦੀ ਨੀਤੀ, ਆਚਾਰ। ਰਹਿਤ ਦੇ ਅਰਥ ਕੋਸ਼ ਵਿੱਚ 'ਬਿਨਾਂ' ਭੀ ਹਨ ਜਿਵੇਂ ਵਿਕਾਰ ਰਹਿਤ, ਭੇਟਾ ਰਹਿਤ। ਰਹਿਤ ਤੋਂ ਇੱਕ ਅਰਥ ਰਹਿਣਾ, ਰਹਿਣ ਦੀ ਥਾਂ ਜਾਂ ਰਹਿੰਦੇ ਹੋਏ, ਟਿਕਣ ਦੀ ਥਾਂ ਵੀ ਭਾਂਪ ਲਿਆ ਜਾਂਦਾ ਹੈ।

ਸਿੱਖ ਧਰਮ ਵਿੱਚ ਰਹਿਤ ਤੋਂ ਭਾਵ ਰਹਿਣੀ ਜਾਂ ਸਤਿਗੁਰੂ ਜੀ ਵਲੋਂ ਆਪਣੇ ਸਿੱਖਾਂ ਨੂੰ ਜੋ ਜੀਵਨ-ਚੱਜ ਦਿੱਤਾ ਹੈ, ਜੋ ਆਸਤਕ ਮਨੁੱਖੀ ਜੀਵਨ ਲਈ ਸਹਾਈ ਹੋ ਸਕਦੀ ਹੈ, ਉਹ ਖਾਸ ਖਾਸ ਨੁਕਤੇ ਜੋ ਮਨੁੱਖ ਦੀ ਚੰਗੀ ਸਖਸ਼ੀਅਤ ਦੀ ਘਾੜਤ ਲਈ ਜ਼ਰੂਰੀ ਹੈਨ। ਰਹਨੁਮਾ (ਆਗੂ) ਵਲੋਂ ਦਿੱਤੇ ਖਾਸ ਉਪਦੇਸ਼ ਜਦੋਂ ਮਨੁੱਖ ਦੀ ਰਹਿਤ ਬਣ ਜਾਂਦੇ ਹਨ ਤਾਂ ਉਹ ਰਹਿਤੀਆ ਜਾਂ ਰਹਿਤਵਾਨ ਬਣ ਜਾਂਦਾ ਹੈ ਜੋ ਦੂਜਿਆਂ ਦੇ ਮੁਕਾਬਲੇ ਖਾਸ ਉੱਚੇ ਸੁੱਚੇ ਜੀਵਨ ਵਾਲਾ ਨਜ਼ਰ ਆਉਂਦਾ ਹੈ। ਇਹੋ ਕਾਰਨ ਹੈ ਕਿ ਪੁਰਾਤਨ ਸਮੇਂ ਵਿੱਚ ਜਿਹੜਾ ਸਿੱਖ ਖੰਡੇ ਦੀ ਪਾਹੁਲ ਲੈ ਕੇ ਐਸਾ ਅੰਮ੍ਰਿਤਧਾਰੀ ਜੀਵਨ ਵਾਲਾ ਹੁੰਦਾ, ਉਸ ਦੀ ਅੱਲ ਹੀ ਰਹਿਤੀਆ ਹੋ ਜਾਂਦੀ ਸੀ ਭਾਵ ਹੁੰਦਾ ਸੀ, *"ਗੁਰੂ ਦਾ ਸਿੱਖ"।*

ਇਸ ਲੇਖ ਦੀ ਸਿਰਲੇਖ ਵਾਲੀ ਪੰਗਤੀ ਭਗਤ ਕਬੀਰ ਜੀ ਦੀ ਬਾਣੀ 'ਚੋਂ ਹੈ ਜੋ ਕਿ ਪ੍ਰਸ਼ਨ ਚਿੰਨ 'ਚ ਹੈ ਜਿਸ ਦਾ ਉੱਤਰ ਇਸ ਤੋਂ ਪਹਿਲੀ ਪੰਗਤੀ 'ਚ ਹੈ। ਉਹ ਪੰਗਤੀ ਪੜ੍ਹੀਏ :-

"ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।।
ਐਸੀ ਰਹਤ ਰਹਉ ਹਰਿ ਪਾਸਾ।।"

(ਗਉੜੀ ਕਬੀਰ ਜੀ, ਪੰਨਾ ੩੨੭)

ਐਸੀ ਰਹਿਤ, ਕਿਹੜੀ ਰਹਿਤ ? ਉਹ ਜੋ ਅਪੁ-ਜਲ, ਤੇਜੁ-ਅਗਨੀ, ਬਾਇ-ਹਵਾ, ਪ੍ਰਿਥਵੀ-ਧਰਤੀ ਅਤੇ ਅਕਾਸ਼ ਭਾਵ ਅਸੰਗਤਾ। ਇਹ ਪੰਜ ਤੱਤ ਹਨ। ਇਨ੍ਹਾਂ ਪੰਜਾਂ ਤੱਤਾਂ ਦੇ ਗੁਣਾਂ ਵਾਂਗ, ਪੰਜਾਂ ਤੱਤਾਂ ਦੀ ਤਰ੍ਹਾਂ ਰਹਿਣ ਦਾ ਸੰਕੇਤ ਹੈ। ਤੱਤੂ ਜਾਂ ਤੱਤ ਤੋਂ ਭਾਵ ਪ੍ਰਭੂ-ਪ੍ਰਮਾਤਮਾ। ਜਿਸ ਤੱਤ ਦੇ ਗਿਆਨ ਲਈ ਸ਼ਬਦ ਆਤਮ-ਗਿਆਨ ਜਾਂ ਹੋਰ ਕਈ ਸ਼ਬਦ ਰਲਵੇਂ ਅਰਥਾਂ ਵਾਲੇ ਵਰਤੀਦੇ ਹਨ ਜਿਵੇਂ ਆਤਮ ਤੱਤ, ਸਾਰ ਅੰਸ਼, ਤਤਰਸ, ਅੰਮ੍ਰਿਤ ਰਸ ਆਦਿ। ਭਗਤ ਕਬੀਰ ਜੀ ਨੇ ਭੀ ਅੰਮ੍ਰਿਤ-ਰਸ ਪੀਣ ਲਈ ਐਸੀ ਰਹਿਤ ਵਾਲੀ ਗੱਲ ਸਮਝਾਈ ਹੈ। ਇਨ੍ਹਾਂ ਪੰਜਾਂ ਤੱਤਾਂ ਦੀ ਰਹਿਤ ਪ੍ਰਭੂ ਵਲੋਂ ਕਾਇਮ ਕੀਤੀ ਹੋਈ ਹੈ। ਇਹ ਪੰਜੇ ਤੱਤ ਆਪਣੇ ਗੁਣਾਂ ਕਰਕੇ ਮਹਾਨ ਹਨ ਜਿਵੇਂ ਪਾਣੀ ਸਭ ਨੂੰ ਸ਼ੁੱਧ ਅਤੇ ਸ਼ਾਂਤ ਕਰਦਾ ਹੈ। ਅਗਨੀ ਦੀ ਰਹਤ ਹੈ ਜੋ ਭੀ ਮਿਲੇ ਉਸ ਵਿੱਚ ਰਾਜ਼ੀ ਹੋ ਜਾਣਾ, ਸਭ ਨੂੰ ਪ੍ਰਕਾਸ਼ ਦੇਣਾ। ਇਵੇਂ ਹੀ ਪਉਣ ਦਾ ਗੁਣ ਹੈ ਸਭ ਨੂੰ ਜੀਵਨ ਦੇਣਾ, ਸਪਰਸ਼ ਕਰਨਾ, ਉਪਦੇਸ਼ ਦੇਣਾ ਸ਼ਬਦ ਰੂਪ 'ਚ। ਧਰਤੀ ਦੀ ਰਹਿਤ ਹੈ ਧੀਰਜ, ਸਭ ਦੀ ਟੇਕ ਆਸਰਾ ਬਣ ਕੇ, ਹਰੇਕ ਨੂੰ ਧਾਰਨ ਕਰਨਾ। ਅਕਾਸ਼ (ਪੁਲਾੜ) ਦਾ ਤੱਤ ਹੈ ਅਸੰਗ ਰਹਿਣਾ। ਵਿਚਾਰਵਾਨਾਂ ਨੇ ਸਾਡੇ ਸਰੀਰ ਵਿਚਲੇ ਪੰਜਾਂ ਹੀ ਤੱਤਾਂ ਤੇ ਜੋ ਗੁਣ ਬਿਆਨੇ ਹਨ ਉਨ੍ਹਾਂ ਵਿੱਚ ਹੱਡ, ਚੰਮ, ਮਾਸ, ਨਹੁੰ ਅਤੇ ਵਾਲ (ਕੇਸ) (ਮਿੱਟੀ) ਮੰਨਿਆ ਗਿਆ ਹੈ। ਲਹੂ ਮਿੱਝ, ਵੀਰਜ ਅਤੇ ਮਲ ਮੂਤਰ ਨੂੰ ਪਾਣੀ ਦਾ ਗੁਣ ਮੰਨਿਆ ਹੈ। ਭੁੱਖ, ਨੀਂਦ ਆਲਸ, ਤ੍ਰੇਹ ਪਸੀਨਾ ਨੂੰ ਅਗਨਿ ਦਾ ਗੁਣ ਕਿਹਾ ਹੈ। ਹਵਾ ਦੇ ਗੁਣ ਨੂੰ ਫੜਨਾ, ਛੱਡਣਾ, ਧੱਕਣਾ, ਸੰਕੋਚਣਾ ਜਾਂ ਫੈਲਾਉਣਾ ਮੰਨਿਆ ਹੈ। ਆਕਾਸ਼ ਦੇ ਗੁਣਾਂ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਸ਼ਰਮ ਲੱਜਾ ਆਦਿ ਨੂੰ ਗਿਣਿਆ ਹੈ।

ਸੋ ਇਨ੍ਹਾਂ ਪੰਜਾਂ ਤੱਤਾਂ ਦੇ ਮਿਲਾਪ ਤੋਂ ਸਰੀਰ ਦੀ ਸਰੀਰਕ ਕਿਰਿਆ ਚੱਲ ਰਹੀ ਹੈ। ਇਨ੍ਹਾਂ ਦੀ ਖਾਸ ਰਹਿਤ ਅਤੇ ਜੁਗਤੀ ਨਾਲ ਚੱਲ ਰਹੀ ਸਰੀਰਕ ਕਿਰਿਆ ਮਨੁੱਖੀ ਸਰੀਰ ਨੂੰ ਵੱਡੇ ਬ੍ਰਹਿਮੰਡ ਦੀ ਨਿਆਈਂ ਕਾਇਮ ਰੱਖ ਰਹੀ ਹੈ। ਇਨ੍ਹਾਂ ਪੰਜਾਂ ਤੱਤਾਂ ਦੀ ਇਹੀ ਰਹਿਤ ਜਾਂ ਜੁਗਤੀ ਸਾਰੇ ਬ੍ਰਹਿਮੰਡ ਵਿੱਚ ਭੀ ਵਰਤ ਰਹੀ ਹੈ। ਹਰੇਕ ਤੱਤ ਦੀ ਆਪਣੀ ਹੋਂਦ ਭੀ ਹੈ ਅਤੇ ਦੂਜਿਆਂ ਤੱਤਾਂ ਵਿੱਚ ਭੀ ਆਪਣੀ ਸਾਂਝ ਜੁਗਤੀ-ਪੂਰਨ ਪਾਈ ਹੋਈ ਹੈ, ਹਰੇਕ ਦੂਜੇ ਤੱਤਾਂ ਵਿੱਚ ਭੀ ਰਲਿਆ ਹੋਇਆ ਹੈ। ਜੈਸਾ ਕਿ ਸਾਂਖ ਦਰਸ਼ਨ ਵਾਲਿਆਂ ਨੇ ਮੰਨਿਆ ਹੈ ਕਿ ਹਰੇਕ ਤੱਤ ਦਾ ਅੱਠਵਾਂ ਹਿੱਸਾ ਦੂਜੇ ਤੱਤਾਂ ਵਿੱਚ ਸਮਾਇਆ ਹੋਇਆ ਹੈ। ਇਉਂ ਹਰੇਕ ਤੱਤ ਨੇ ਆਪਣੀ ਹੋਂਦ ਦੇ ਕੁੱਝ ਕੁ ਹਿੱਸੇ ਨੂੰ ਕੁਰਬਾਨ ਕਰਕੇ ਦੂਜਿਆਂ ਦੀ ਮੱਦਦ ਲਈ ਉਨ੍ਹਾਂ ਵਿੱਚ ਆਪਣਾ ਆਪ ਲੁਪਤ ਕੀਤਾ ਹੋਇਆ ਹੈ। ਕੁਦਰਤ ਵਲੋਂ ਇਨ੍ਹਾਂ ਤੱਤਾਂ ਦੀ ਐਸੀ ਰਹਿਤ ਜੋ ਪਿੰਡ ਅਤੇ ਬ੍ਰਹਿਮੰਡ



www.AKJ.Org

ਨੂੰ ਚਲਾਉਂਦੀ ਹੈ, ਵੱਲ ਭਗਤ ਕਬੀਰ ਜੀ ਨੇ ਸੰਕੇਤ ਕੀਤਾ ਹੈ ਕਿ "ਐਸੀ ਰਹਤ ਰਹਉ ਹਰਿ ਪਾਸਾ।।"

ਜਿਹੜੀ ਤਰੱਕੀ ਵਿਗਿਆਨ ਨੇ ਕਈ ਸਦੀਆਂ ਬਾਅਦ ਹੁਣ ਕੀਤੀ ਨਜ਼ਰੀ ਪੈਂਦੀ ਹੈ, ਗੁਰਬਾਣੀ ਵਿੱਚ ਐਸੇ ਭੇਦ ਕਈ ਸਦੀਆਂ ਪਹਿਲਾਂ ਮਹਾਂਪੁਰਸ਼ਾਂ ਨੇ ਬਿਆਨ ਕਰ ਦਿੱਤੇ। ਗੁਰਬਾਣੀ ਅੱਜ ਭੀ ਵਿਗਿਆਨ ਦੀ ਹਾਣੀ ਹੈ। ਹੋਰ ਹਜ਼ਾਰਾਂ ਸਦੀਆਂ ਬੀਤਣ ਸਮੇਂ ਭੀ ਗੁਰਬਾਣੀ ਦਾ ਸੱਚ ਉਸ ਵੇਲੇ ਦੀ ਵਿਗਿਆਨ ਦੇ ਗਿਆਨ ਦਾ ਹਾਣੀ ਹੋਵੇਗਾ!

ਖੈਰ ! ਵਾਚਨ ਚੱਲ ਰਿਹਾ ਸੀ ਰਹਿਤ ਦਾ। ਵਿਸਾਖੀ ਦੇ ਸ਼ੁੱਭ ਦਿਵਸ (ਖਾਲਸਾ ਜੀ ਦੇ ਜਨਮ ਪੁਰਬ) ਉੱਤੇ ਗੁਰੂ ਨਾਨਕ ਨਾਮ ਲੇਵਾ ਨੂੰ ਉਸ ਰਹਿਤ ਬਾਰੇ ਵਾਰ ਵਾਰ ਦੱਸਿਆ ਜਾਂਦਾ ਹੈ ਜੋ ਕਲਗੀਧਰ ਜੀ ਨੇ ੧੬੯੯ ਈ. ਦੀ ਵਿਸਾਖੀ ਨੂੰ *'ਪ੍ਰਣ ਰੂਪ'* 'ਚ ਦ੍ਰਿੜ੍ਹ ਕਰਵਾਈ ਸੀ। ਜਨ ਸਾਧਾਰਨ ਕਈ ਵੇਰ ਇਸ ਰਹਿਤ ਨੂੰ ਸੁਣਕੇ ਮਹਿਸੂਸ ਕਰਦਾ ਹੋਵੇਗਾ ਕਿ ਸ਼ਾਇਦ ਇਹ ਰਹਿਤ ਮੇਰੇ ਪਾਸੋਂ ਨਿਭਾਉਣੀ ਔਖੀ ਹੋਏਗੀ। ਕਈ ਪ੍ਰੇਮੀ ਤਾਂ ਇਉਂ ਆਖਦੇ ਭੀ ਸੁਣੇ ਹਨ ਕਿ ਜੇ ਗੁਰੂ ਸਾਹਿਬ ਰਹਿਤ ਇੰਨੀ ਕਰੜੀ ਨਾ ਦੱਸਦੇ ਤਾਂ ਸਿੱਖੀ ਬਹੁਤ ਵੱਧਣੀ ਸੀ। ਉਨ੍ਹਾਂ ਦੇ ਕਹਿਣ ਤੋਂ ਭਾਵ ਹੁੰਦਾ ਹੈ ਬਾਹਰਲੀ ਪੰਜ ਕੱਕਿਆਂ ਦੀ ਰਹਿਤ ਅਤੇ ਧਾਰਨ ਕੀਤੀ ਰਹੁ ਰੀਤੀ।

ਇਹ ਭੀ ਇੱਕ ਭੁਲੇਖਾ ਹੈ ਕਿ ਅਸੀਂ ਰਹਿਤ ਦੇ ਅਰਥ ਕੇਵਲ ਬਾਹਰਲੀ ਰਹਿਤ ਨੂੰ ਹੀ ਮੰਨ ਰਹੇ ਹਾਂ ਜਦ ਕਿ ਰਹਿਤ ਦੇ ਪੂਰਨ ਅਰਥ ਤਾਂ ਅੰਦਰਲੀ ਅਤੇ ਬਾਹਰਲੀ ਰਹਿਤ ਤੋਂ ਹੀ ਹਨ। ਇਸੇ ਕਾਰਨ ਕਈ ਵੀਰ ਕੇਵਲ ਬਾਹਰਲੀ ਰਹਿਤ ਲਿਬਾਸ ਆਦਿ ਨੂੰ ਹੀ ਸਭ ਕੁੱਝ ਮੰਨ ਕੇ ਅੰਦਰਲੀ ਰਹਿਤ ਵਲੋਂ ਲਾ-ਪਰਵਾਹ ਹੋ ਜਾਂਦੇ ਹਨ। ਅੰਦਰਲੀ ਰਹਿਤ ਬਿਨਾਂ ਬਾਹਰਲੀ ਰਹਿਤ ਦਾ ਅਰਥ ਤਾਂ ਸਗੋਂ ਹਾਨੀਕਾਰਕ ਅਤੇ ਹਾਸੋ ਹੀਣਾ ਹੀ ਹੋ ਜਾਂਦਾ ਹੈ। ਗੁਰੂ-ਨਾਨਕ ਜੋਤੀ ਨੇ ਅੰਦਰਲੀ ਰਹਿਤ ਦੀ ਤਿਆਰੀ ਲਈ ਨੌਂ ਸਰੀਰ ਧਾਰਨ ਕਰਕੇ ਦੋ ਸੌ ਤੀਹ ਸਾਲਾਂ ਦਾ ਸਮਾਂ ਲਾਇਆ। ਇਹੋ ਹੀ ਸਭ ਤੋਂ ਔਖਾ ਤੇ ਮੁਸ਼ਕਲ ਕਾਰਜ ਸੀ। ਵੀਚਾਰਧਾਰਕ ਸਿੱਖੀ ਜਦੋਂ ਅੰਦਰ ਟਿਕ ਗਈ ਫਿਰ ਉਸ ਨੂੰ ਸਦੀਵੀ ਤੌਰ ਪਰ ਕਾਇਮ ਰੱਖਣ ਲਈ ਕਿ ਕਿਸੇ ਔਖੇ ਵੇਲੇ, ਮਾਇਆ ਦੇ ਕਿਸੇ ਝਕੋਲੇ ਨਾਲ ਇਹ ਡੋਲ ਨਾ ਜਾਵੇ, ਦਸਵੇਂ ਜਾਮੇ ਵਿੱਚ ਇਸ ਵੀਚਾਰਕ ਸਿੱਖੀ ਨੂੰ ਪਾਣ-ਚਾੜ੍ਹ ਕੇ ਪ੍ਰਚਾਰਕ ਰੂਪ ਭੀ ਦੇ ਦਿੱਤਾ। ਬਾਹਰਲੀ ਰਹਿਤ ਦੇ ਨਾਲ ਨਾਲ ਅੰਦਰਲੀ ਰਹਿਤ ਬਾਰੇ ਭੀ ਮੁੜ ਪ੍ਰਣ ਲਿਆ। ਬਾਹਰਲੀ ਰਹਿਤ ਅਤੇ ਪੰਜ ਕੱਕਾਰ ਦੇਣ ਤੋਂ ਪਹਿਲਾਂ ਫਿਰ ਇੱਕ ਵਾਰੀ *"ਸੀਸ ਭੇਟ"* ਵਾਲੀ ਰਹਿਤ ਦਾ ਪ੍ਰਗਟਾਵਾ ਸਭ ਦੇ ਸਾਹਮਣੇ ਕੀਤਾ ਤਾਂ ਜੋ ਮੁਰੀਦ (ਸਿੱਖ) ਹੋਣ ਵਾਲੇ ਨੂੰ ਪਤਾ ਲੱਗੇ ਕਿ ਗੱਲਾਂ ਨਾਲ ਨਹੀਂ, ਸ਼ਹੀਦ ਹੋਣ ਦੀ ਹਾਲਤ ਨੂੰ ਪਹੁੰਚਣਾ ਹੈ। ਗੁਰੂ ਅੱਗੇ ਮੁਰਦਾ ਹੋ ਕਿ ਸਿੱਖ ਹੋਈਦਾ ਹੈ। "ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।। ਸਾਬਰੁ ਸਿਦਕਿ ਸ਼ਹੀਦੁ ਭਰਮ ਭਉ ਖੋਵਣਾ।।" (ਭਾਈ ਗੁਰਦਾਸ ਜੀ, ਵਾਰ ੩/੧੮) ਇਸੇ ਕਰਤੱਬ ਕਾਰਨ ਸਿੱਖ ਦੀ ਬਾਹਰਲੀ ਰਹਿਤ ਅਤੇ ਲਿਬਾਸ ਸਤਿਕਾਰ ਯੋਗ ਅਤੇ ਪੂਜਣ ਯੋਗ ਹੋਈ ਹੈ।

ਗੁਰੂ ਕੇ ਸਿੱਖਾਂ ਨੇ ਆਪਣੀ ਬੁੱਧੀ ਅਤੇ ਸ਼ਰਧਾ ਭਾਵਨਾ ਨਾਲ ਜੋ ਰਹਤਨਾਮੇ ਲਿਖੇ ਉਹ ਭੀ ਸਿੱਖ ਦੀ ਆਤਮਕ-ਉੱਨਤੀ ਲਈ, ਆਤਮ ਰਸ ਲਈ, ਆਤਮ ਦੀ ਰਹਿਤ ਹੀ ਆਖੀ ਜਾ ਸਕਦੀ ਹੈ। ਕਈ ਹੋਰ ਚੱਜ ਆਚਾਰ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਭੀ ਰਹਤਨਾਮਿਆਂ ਵਿੱਚ ਦਰਜ ਹਨ ਤਾਂ ਜੋ ਰਹਿਤਵਾਨ ਨੂੰ ਕੋਈ ਮੁਸ਼ਕਲ ਰਾਹ ਵਿੱਚ ਅੜਿਕਾ ਨਾ ਪਾਵੇ।

ਕਲਗੀਧਰ ਜੀ ਦੀ ਦਰਸਾਈ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਨੁਕੂਲ ਹੀ ਹੈ। ਜਿਹੜਾ ਅੰਮ੍ਰਿਤ (ਨਾਮ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਦਿੱਤਾ ਹੈ ਉਸੇ ਦੀ ਪ੍ਰਾਪਤੀ ਲਈ ਹੀ ਸਾਡੀ ਸਹਾਇਤਾ ਕਰਦੀ ਹੈ ਇਹ ਰਹਿਤ ਜੋ ਕਲਗੀਧਰ ਜੀ ਨੇ ਬਖਸ਼ੀ ਹੈ। ਹਰੇਕ ਸਿੱਖ ਨੂੰ ਇਹ ਪੂਰਨ ਭਰੋਸਾ ਹੋਣਾ ਚਾਹੀਦਾ ਹੈ ਕਿ ਮੂਲ-ਰੂਪ ਵਿੱਚ ਰਹਿਤਨਾਮਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਜਿਸ ਦੀ ਇਲਾਹੀ-ਬਾਣੀ ਚੋਂ ਅੰਮ੍ਰਿਤ-ਨਾਮ (ਹੁਕਮ) ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਲਈ ਗੁਰ-ਸ਼ਬਦ ਦੀ ਕਮਾਈ ਜ਼ਰੂਰੀ ਹੈ, ਇਹੀ ਕਮਾਈ ਦੀ ਜੁਗਤੀ ਖੰਡੇ ਦੀ ਪਾਹੁਲ ਵੇਲੇ ਕਲਗੀਧਰ ਜੀ ਨੇ ਦ੍ਰਿੜ ਕਰਵਾਈ ਹੈ। ਜਿਹੜੀ ਸਿੱਖੀ ਦੋ ਢਾਈ ਸੌ ਸਾਲ ਪਹਿਲਾਂ (ਖੇਤੀ) ਤਿਆਰ ਕੀਤੀ, ਉਸ ਨੂੰ ਬਾਹਰਲੀ ਰਹਿਤ ਦੇ ਕੇ ਵਾੜ ਕਰ ਦਿੱਤੀ, ਕੋਟ (ਕਿਲ੍ਹਾ) ਮਜ਼ਬੂਤ ਸੁਰੱਖਿਆ ਪ੍ਰਦਾਨ ਕਰ ਦਿੱਤੀ ਤਾਂ ਜੋ ਸਿੱਖ ਦੀ ਅੰਦਰਲੀ ਰਹਿਤ ਰੂਪੀ ਪੂੰਜੀ, ਵਡਿਆਈ ਨੂੰ, ਗੁਣਾਂ ਨੂੰ ਕੋਈ ਲੁੱਟ ਮਾਰ ਨਾ ਹੋ ਸਕੇ।

ਸ਼ੁੱਭ ਗੁਣਾਂ ਦੀ ਖੇਤੀ ਦੀ ਫਸਲ ਨੂੰ ਬਾਹਰੀ ਵਾੜ ਦੀ ਭੀ ਲੋੜ ਸੀ। ਪਰੰਤੂ ਅੰਦਰਲੇ ਗੁਣਾਂ ਜਾਂ ਅੰਦਰਲੀ ਰਹਿਤ ਬਿਨਾਂ ਨਿਰੀ ਵਾੜ ਜਾਂ ਬਾਹਰੀ ਰੂਪ ਹੀ ਲੰਮੇ ਸਮੇਂ


www.AKJ.Org

ਲਈ ਵਡਿਆਈ ਭੀ ਅੰਦਰਲੇ ਗੁਣਾਂ ਦੀ ਫਸਲ (ਖੇਤੀ) ਕਰਕੇ ਹੀ ਹੋ ਸਕਦੀ ਹੈ, ਨਹੀਂ ਤਾਂ ਨਿਰੀ ਵਾੜ ਦਾ ਕੀ ਮੁੱਲ ਰਹਿ ਸਕਦਾ ਹੈ ? ਇਸੇ ਲਈ ਗੁਰਬਾਣੀ ਨੇ ਉਨ੍ਹਾਂ ਧਾਰਮਿਕ ਚਿੰਨ੍ਹਾਂ ਜਾਂ ਕਰਮਾਂ ਨੂੰ ਖੰਡਨ ਕੀਤਾ ਹੈ ਜਿਨ੍ਹਾਂ ਚੋਂ ਅੰਤਰੀਵ-ਜੀਵਨ ਦੀ ਖ਼ੁਸ਼ਬੋ ਮੁੱਕ ਗਈ ਸੀ। ਸਮੁੱਚੇ ਜੀਵਨ ਦੀ ਸਾਰਥਕਤਾ ਭੀ ਨਜ਼ਰ ਨਹੀਂ ਸੀ ਪੈਂਦੀ ਸਗੋਂ ਇਹ ਚਿੰਨ੍ਹ-ਧਾਰੀ ਮਨੁੱਖ ਧਰਮ ਲਈ ਘਾਤਕ ਸਿੱਧ ਹੋਏ ਜਦ ਕਿ ਧਾਰਮਿਕ ਚਿੰਨ੍ਹਾਂ ਦੀ ਬਹੁਤ ਮਹਾਨਤਾ ਹੁੰਦੀ ਹੈ। ਮਨੁੱਖ ਦੇ ਅੰਦਰਲੇ ਭਾਵਾਂ ਦੇ ਜ਼ਹੂਰ (ਪ੍ਰਗਟਾਅ) ਲਈ ਇਹ ਜ਼ਰੂਰੀ ਭੀ ਹੁੰਦੇ ਹਨ। ਇਸੇ ਲਈ ਸਿੱਖ ਦੀ ਬਾਹਰਲੀ ਪੰਜ ਕੱਕਿਆਂ ਦੀ ਰਹਿਤ ਭੀ ਉਨੀ ਹੀ ਸਤਿਕਾਰ ਯੋਗ ਹੈ ਜਿੰਨੀ ਅੰਦਰਲੀ। ਸਿੱਖ ਦੇ ਪੰਜ ਕੱਕੇ ਸਿੱਖ ਦੀ ਸੁਤੰਤਰਤਾ ਦੇ ਭੀ ਪ੍ਰਤੀਕ ਹਨ। ਮੌਕੇ ਦਾ ਹਾਕਮ ਕਿਸੇ ਹੋਰ ਦੇ ਸਿਰ ਦਸਤਾਰ (ਪੱਗ) ਜਾਂ ਕਿਸੇ ਪਾਸ ਬਿਨਾਂ ਆਗਿਆ ਹਥਿਆਰ ਨਹੀਂ ਸੀ ਦੇਖਣਾ ਚਾਹੁੰਦਾ। ਸੋ ਸਿੱਖ ਲਹਿਰ ਦੇ ਜ਼ਜ਼ਬਾਤ ਅਤੇ ਭਾਵਨਾ ਇਨ੍ਹਾਂ ਕਕਾਰਾਂ ਨਾਲ ਜੁੜੀਆਂ ਹੋਈਆਂ ਹਨ। ਜਿਸ ਚਿੰਨ੍ਹ ਨਾਲ ਕੋਈ ਜਜ਼ਬਾ ਜਾਂ ਭਾਵਨਾ ਨਹੀਂ ਜੁੜੀ ਹੋਈ ਜਾਂ ਜੀਵਨ ਲਈ ਸਾਰਥਕ ਨਹੀਂ ਉਹ ਚਿੰਨ੍ਹ ਬੇ-ਅਸਰ ਅਤੇ ਬੇ-ਅਰਥ ਹੋ ਕੇ ਰਹਿ ਜਾਂਦੇ ਹਨ।

ਇਹੋ ਕਾਰਨ ਹੈ ਕਿ ਹਰੇਕ ਧਰਮ ਜਾਂ ਮਜ਼ਹਬ ਦੇ ਚਿੰਨ੍ਹਾਂ ਦੀ ਬਹੁਤ ਕੀਮਤ ਹੁੰਦੀ ਹੈ। ਹਰੇਕ ਧਾਰਮਿਕ ਵਿਅਕਤੀ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਦੇ ਪ੍ਰਗਟਾਅ ਦੀ ਪੂਰਨ ਖੁੱਲ੍ਹ ਭੀ ਹੋਣੀ ਚਾਹੀਦੀ ਹੈ ਬਸ਼ਰਤੇ ਕਿਸੇ ਦੂਜੇ ਲਈ ਇਹ ਚਿੰਨ੍ਹ ਦੁਖਦਾਈ ਜਾਂ ਜਜ਼ਬਾਤ ਨੂੰ ਚੋਟ ਮਾਰਨ ਵਾਲੇ ਨਾ ਹੋਣ। ਇਸੇ ਧਾਰਮਿਕ ਆਜ਼ਾਦੀ ਦੇ ਸਿਧਾਂਤ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੁਸਲਮਾਨ ਹਾਕਮ ਵਲੋਂ ਹਿੰਦੂਆਂ ਦੇ ਜਬਰੀ ਜੰਞੂ ਲਾਹੁਣ ਵਿਰੁੱਧ ਆਪਣੀ ਸ਼ਹਾਦਤ ਦਿੱਤੀ, ਧਰਮ ਦੀ ਖਾਤਰ ਕੁਰਬਾਨੀ ਦਿੱਤੀ ਕਿ ਕਿਸੇ ਭੀ ਪ੍ਰਾਣੀ ਦਾ ਧਰਮ ਜਬਰੀ ਨਹੀਂ ਬਦਲਿਆ ਜਾਣਾ ਚਾਹੀਦਾ ਚਾਹੇ ਧਰਮ ਕੋਈ ਭੀ ਹੋਵੇ, ਕਿਸੇ ਭੀ ਜਾਤੀ ਦਾ ਹੋਵੇ। ਇਸੇ ਲਈ ਨੌਂਵੇਂ ਸਤਿਗੁਰੂ ਜੀ ਨੂੰ "ਧਰਮ ਦੀ ਚਾਦਰ" ਇਤਿਹਾਸ ਨੇ ਮੰਨਿਆ ਹੈ। ਕਈ ਵੀਰ ਹਿੰਦੂ ਧਰਮ ਦੀ ਖਾਤਰ ਜਾਂ ਹਿੰਦੁਸਤਾਨ ਦੀ ਖਾਤਰ ਮੰਨ ਕੇ ਹਿੰਦ ਦੀ ਚਾਦਰ ਭੀ ਕਹਿੰਦੇ ਹਨ ਪਰੰਤੂ ਧਰਮ ਤਾਂ ਧਰਮ ਹੀ ਹੁੰਦਾ ਹੈ ਚਾਹੇ ਉਹ ਹਿੰਦੂ ਦਾ ਹੋਵੇ, ਚਾਹੇ ਉਹ ਮੁਸਲਮਾਨ ਦਾ, ਧਰਮ ਕਿਸੇ ਇੱਕ ਦੇਸ਼ ਕਾਲ ਦੀ ਕੈਦ ਵਿੱਚ ਭੀ ਨਹੀਂ ਹੁੰਦਾ। ਧਰਮ ਇਨ੍ਹਾਂ ਮੁਲਕੀ ਹੱਦਾਂ ਅਤੇ ਰਾਜਸੀ ਉਤਰਾਅ ਚੜ੍ਹਾਅ ਤੋਂ ਭੀ ਉੱਪਰ ਇੱਕ ਸੱਚੀ ਸੁੱਚੀ ਹਕੀਕਤ ਹੈ।

ਜਿਸ ਜਨੇਊ ਨੂੰ ਗੁਰੂ ਨਾਨਕ ਜੀ ਨੇ ਪਵਾਉਣ ਤੋਂ ਨਾਂਹ ਕਰ ਦਿੱਤੀ, ਪਰੰਤੂ ਉਹ ਜਨੇਊ ਹਕੂਮਤ ਦੇ ਜ਼ੋਰ ਲਾਹੁਣ ਤੋਂ ਰੋਕਣ ਲਈ ਭੀ ਗੁਰੂ ਨਾਨਕ ਜੋਤੀ ਨੇ ਰੋਹ ਪ੍ਰਗਟ ਕਰ ਕੇ ਕੁਰਬਾਨੀ ਦਿੱਤੀ। ਅੱਜ ਜੇ ਕੋਈ ਹਿੰਦੂ ਹੁਕਮਰਾਨ ਬਹੁ ਗਿਣਤੀ ਦੇ ਜ਼ੋਰ ਕਿਸੇ ਅਨਮਤੀ ਮੁਸਲਮਾਨ ਜਾਂ ਸਿੱਖਾਂ, ਬੋਧੀਆਂ ਜਾਂ ਦੂਜੇ ਕਿਸੇ ਹੋਰ ਧਰਮ ਦੇ ਵਿਸ਼ਵਾਸ਼ੀਆਂ ਨੂੰ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਜਾਂ ਧਰਮ-ਅਸਥਾਨਾਂ ਤੋਂ ਵਾਂਝੇ ਕਰਨ ਦੀ ਕੁਰੀਤੀ ਕਰੇ ਤਾਂ ਇਹ ਭੀ ਔਰੰਗਜ਼ੇਬ ਵਰਗਾ ਹੀ ਜ਼ੁਲਮ ਹੈ ਜਿਵੇਂ ਕਿ ੧੯੮੪ ਈ. 'ਚ ਸਿੱਖਾਂ ਦੇ ਧਰਮ ਪਵਿੱਤਰ-ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜਾਂ ਚਾੜ੍ਹ ਕੇ ਤੋਪਾਂ ਟੈਂਕਾਂ ਨਾਲ ਤਬਾਹੀ ਕੀਤੀ, ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਮੁਸਲਮਾਨਾਂ ਦੀ ਅਯੁੱਧਿਆਂ ਵਿੱਚ ਬਣੀ ਮਸਜਿਦ ਨੂੰ ੧੯੯੨ ਦਸੰਬਰ ਵਿੱਚ ਢਾਹੇ ਜਾਣਾ ਭੀ ਐਸਾ ਹੀ ਉਪੱਦਰ ਸੀ। ਸੋ ਕਹਿਣ ਤੋਂ ਭਾਵ ਕਿ ਹਰੇਕ ਮਜ਼ਹਬ ਜਾਂ ਧਰਮ ਦੇ ਵਿਅਕਤੀ ਲਈ ਉਸ ਦੇ ਧਾਰਮਿਕ ਚਿੰਨ੍ਹ ਜਾਂ ਧਾਰਮਕ ਸਥਾਨ ਦੀ ਬਹੁਤ ਮਹੱਤਤਾ ਹੁੰਦੀ ਹੈ।

ਸਿੱਖ-ਧਰਮ ਦੀ ਰਹੁਰੀਤੀ ਵਿਚਲੇ ਪੰਜ-ਕੱਕਾਰ ਅਤੇ ਸ੍ਰੀ ਗੁਰੂ ਸਾਹਿਬਾਂ ਦੇ ਇਤਿਹਾਸਕ ਸਥਾਨ ਭੀ ਸਿੱਖ ਲਈ ਬਹੁਤ ਪਿਆਰੇ ਹਨ। ਭਾਵੇਂ ਆਪਣੀ ਸ਼ਰਧਾ ਅਤੇ ਭਾਵਨਾ ਕਾਰਨ ਵਿਅਕਤੀਗਤ ਰਹੁਰੀਤੀ (ਸਖਸ਼ੀ ਰਹਿਣੀ) ਥੋੜ੍ਹੀ ਬਹੁਤ ਵੱਖਰੀ ਵੱਖਰੀ ਭੀ ਹੋ ਸਕਦੀ ਹੈ, ਪ੍ਰੰਤੂ *"ਪੰਥਕ -ਰਹੁਰੀਤੀ"* ਸਾਰੇ ਖਾਲਸਾ ਪੰਥ ਦੀ ਇਕੋ ਹੀ ਅਤੇ ਇਕਸਾਰ ਹੀ ਹੋਣੀ ਜ਼ਰੂਰੀ ਹੈ ਜਿਸ ਵਾਸਤੇ ਪੰਥਕ ਰੂਪ ਵਿੱਚ *"ਸ੍ਰੀ ਅਕਾਲ ਤਖਤ ਨੂੰ"* ਮੁੱਖ ਰੱਖਕੇ ਐਸੀ ਵਿਵਸਥਾ ਪੰਥ ਵਿੱਚ ਹੈ। ਕਿਸੇ ਸਾਧੂ ਮਹਾਤਮਾਂ, ਸੰਤ ਪੁਰਸ਼ ਜਾਂ ਕਿਸੇ ਇੱਕ ਡੇਰੇ ਦੀ ਰਹੁਰੀਤੀ ਨੂੰ ਸਮੁੱਚੇ ਪੰਥ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ, ਨਾਂ ਹੀ ਕਿਸੇ ਨੂੰ ਐਸੀ ਸੋਚ ਰੱਖਣੀ ਚਾਹੀਦੀ ਹੈ। ਸਮੁੱਚੇ ਖਾਲਸਾ ਪੰਥ ਵਿੱਚ ਕਿਸੇ ਇੱਕ ਵਿਅਕਤੀ ਜਾਂ ਡੇਰੇਦਾਰ ਵਲੋਂ ਐਸੀ ਮਨ-ਮਤ ਦੇ ਖਿਲਾਰੇ ਨਾਲ ਕਈ ਗੁੰਝਲਾਂ ਪੈਦਾ ਹੋ ਸਕਦੀਆਂ ਹਨ। ਐਸੀ ਕਿਸੇ ਭੀ ਕਾਰਵਾਈ ਤੋਂ ਸੰਕੋਚ ਕਰਕੇ ਕਲਗੀਧਰ ਜੀ ਦੀ ਦੱਸੀ ਦਰਸਾਈ ਅੰਮ੍ਰਿਤ

(ਬਾਕੀ ਪੰਨਾ ੧੭ ਤੇ........)



www.AKJ.Org

# ਦਲ ਭੰਜਨ ਗੁਰ ਸੂਰਮਾ (੨)

(ਡਾ. ਕੁਲਦੀਪ ਕੌਰ, ਮੋਹਾਲੀ)

ਲੜੀ ਜੋੜਨ ਲਈ ਦੇਖੋ 'ਸੂਰਾ' ਅਪ੍ਰੈਲ, ੯੬

ਬਾਦਸ਼ਾਹਾਂ ਦੀ ਬਾਦਸ਼ਾਹਾਂ ਨਾਲ ਲੜਾਈ ਤਾਂ ਹੁੰਦੀ ਰਹਿੰਦੀ ਸੀ ਪਰ ਆਮ ਲੋਕ ਬਾਦਸ਼ਾਹਤ ਨਾਲ ਟੱਕਰ ਲੈਣ ਲਈ ਤਿਆਰ ਹੋਣ, ਇਹ ਇੱਕ ਨਵੀਂ ਗੱਲ ਸੀ। ਗੁਰੂ ਨਾਨਕ ਦੇ ਸ਼ਬਦਾਂ ਦੀ ਗੂੰਜ ਨਾਲ ਸਿੱਖਾਂ ਵਿੱਚ ਪ੍ਰੇਮ ਖੇਲਣ ਦਾ ਚਾਉ ਪੈਦਾ ਹੋ ਗਿਆ ਅਤੇ 'ਸਿਰ ਧਰ ਤਲੀ' ਗੁਰੂ ਦੀ ਗਲੀ ਵਿੱਚ ਪਹੁੰਚ ਗਏ। ਸਿਰ ਦੇਣ ਵਾਲੇ ਯੋਧੇ ਗੁਰੂ ਦੀ ਸ਼ਰਨ ਵਿੱਚ ਆਉਣ ਲੱਗੇ। ਸ਼ਾਹਜਹਾਨ ਵਲੋਂ ਹੁਕਮ ਸੀ ਕਿ ਕੋਈ ਮੁਸਲਮਾਨ ਆਪਣਾ ਧਰਮ ਨਹੀਂ ਬਦਲ ਸਕਦਾ ਅਤੇ ਨਾ ਹੀ ਵਿਰੋਧੀਆਂ ਦੀ ਫੌਜ ਵਿੱਚ ਭਰਤੀ ਹੋ ਸਕਦਾ ਹੈ। ਪਰੰਤੂ ਮੁਸਲਮਾਨ ਵੀ ਗੁਰੂ ਜੀ ਦੀ ਸ਼ਰਨ ਵਿੱਚ ਆ ਰਹੇ ਸਨ, ਇਸ ਲਈ ਵੀ ਮੁਗਲ ਹਾਕਮਾਂ ਵਿੱਚ ਗੁੱਸਾ ਭਰਿਆ ਜਾਣਾ ਲਾਜ਼ਮੀ ਸੀ। ਸਤਿਗੁਰੂ ਦੀ ਮਹਿਮਾਂ ਦੁਸ਼ਟਾਂ ਨੂੰ ਨਹੀਂ ਭਾਉਂਦੀ ਸੀ। ਉਹ ਸਦਾ ਇਸ ਤਾਕ ਵਿੱਚ ਰਹਿੰਦੇ ਸਨ ਕਿ ਕੋਈ ਬਹਾਨਾ ਲੱਭ ਕੇ ਸਿੱਖਾਂ ਦੇ ਗੁਰੂ ਉੱਤੇ ਹਮਲਾ ਕੀਤਾ ਜਾਵੇ।

ਹਕੂਮਤ ਇਸ ਗੱਲੋਂ ਵੀ ਔਖੀ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ਕੀਰੀ ਲਿਬਾਸ ਦੀ ਥਾਂ ਸ਼ਾਹੀ ਠਾਠ ਵਾਲੇ ਬਾਣੇ ਵਿੱਚ ਰਹਿੰਦੇ ਸਨ, ਫ਼ੌਜਾਂ ਦੇ ਸੈਨਾਪਤੀ ਸਨ। ਪੱਗ ਦੀ ਛੱਬ ਨਿਰਾਲੀ, ਜਿਗ੍ਹਾ ਤੇ ਕਲਗੀ ਸੋਭਦੀ, ਹੱਥ ਵਿੱਚ ਬਾਜ, ਵਧੀਆ ਘੋੜੇ ਦੀ ਸਵਾਰੀ। ਰਾਜ ਸੱਤਾ ਇਹ ਸਭ ਕੁੱਝ ਕਿਵੇਂ ਸਹਿ ਸਕਦੀ ਸੀ ? ਵੱਧ ਰਹੀ ਸੈਨਿਕ ਸ਼ਕਤੀ ਨਾਲ ਵਿਰੋਧੀਆਂ ਨੇ ਟੱਕਰ ਅਵੱਸ਼ ਲੈਣੀ ਸੀ ਤਾਂ ਜੋ ਸ਼ੁਰੂ ਵਿੱਚ ਹੀ ਇਸ ਨੂੰ ਦਬਾ ਦਿੱਤਾ ਜਾਵੇ। ਗੁਰੂ ਜੀ ਇਸ ਸਥਿਤੀ ਨੂੰ ਭਾਂਪ ਰਹੇ ਸਨ। ਉਨ੍ਹਾਂ ਨੇ ਅਜਿਹਾ ਸ਼ਬਦ-ਬਾਣ ਦਾਗਿਆ ਕਿ ਸਿੱਖਾਂ ਵਿੱਚ 'ਰਣ ਮਹਿ ਜੂਝੈ' ਦਾ ਚਾਉ ਭਰ ਗਿਆ। "ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ।।" (ਪੰਨਾ ੯੭੦) ਬਸ ਫਿਰ ਕੀ ਸੀ ? ਗੁਰੂ ਜੀ ਦੀ ਮੀਰੀ ਦੀ ਤਲਵਾਰ ਮਿਆਨ ਵਿੱਚੋਂ ਨਿਕਲੀ ਅਤੇ ਸਭ ਪਾਸੇ ਸਿਰਲੱਥ ਸਿੱਖਾਂ ਦੀਆਂ ਤਲਵਾਰਾਂ ਦੀ ਚਮਕਾਰ ਦਿਖਾਈ ਦੇਣ ਲੱਗੀ।

ਸ਼ਾਹ ਜਹਾਨ ਦੀਆਂ ਫ਼ੌਜਾਂ ਨਾਲ ਚਾਰ ਜੰਗ ਹੋਏ। ਕਿਸੇ ਜੰਗ ਵਿੱਚ ਵੀ ਪਹਿਲ ਆਪ ਵਲੋਂ ਨਹੀਂ ਕੀਤੀ ਗਈ। ਨਾ ਹੀ ਇਨ੍ਹਾਂ ਜੰਗਾਂ ਦਾ ਮਨੋਰਥ ਰਾਜ ਸੱਤਾ ਦੀ ਪ੍ਰਾਪਤੀ ਸੀ ਅਤੇ ਨਾ ਹੀ ਹੋਰ ਕੁੱਝ ਹਥਿਆਉਣ ਦੀ ਤਾਂਘ ਸੀ।

ਪਹਿਲੀ ਜੰਗ ਸ਼ਾਹਜਹਾਨ ਦੇ ਗੱਦੀ ਸੰਭਾਲਣ ਤੋਂ ਇੱਕ ਸਾਲ ਪਿੱਛੋਂ ਹੋਈ। ਬੀਬੀ ਵੀਰੋ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਹੀ ਜੰਗ ਦਾ ਬਿਗਲ ਵਜਾਉਣਾ ਪਿਆ। ਸ਼ਾਹੀ ਬਾਜ ਆਪਣੇ ਸ਼ਿਕਾਰ ਨੂੰ ਤਸੀਹੇ ਦੇ ਕੇ ਤੜਫਾ ਰਿਹਾ ਸੀ। ਸਿੱਖਾਂ ਕੋਲੋਂ ਇਹ ਸਭ ਕੁੱਝ ਜਰਿਆ ਨਾ ਗਿਆ। ਉਨ੍ਹਾਂ ਨੇ ਆਪਣਾ ਬਾਜ ਛੱਡ ਦਿੱਤਾ ਜਿਸਨੇ ਸ਼ਾਹੀ ਬਾਜ ਨੂੰ ਧਰਤੀ ਉੱਤੇ ਪਟਕਾ ਮਾਰਿਆ। ਬਾਜ ਸਿੱਖਾਂ ਦੇ ਹੱਥ ਆ ਗਿਆ। ਲਾਹੌਰ ਤੋਂ ਹੁੰਦੀ ਹੋਈ ਇਹ ਖਬਰ ਸ਼ਹਿਨਸ਼ਾਹ ਤੱਕ ਪਹੁੰਚ ਗਈ। ਉਹ ਪਹਿਲਾਂ ਹੀ ਮੌਕੇ ਦੀ ਤਾੜ ਵਿੱਚ ਸੀ। ਫ਼ੌਜਦਾਰ ਮੁਖ਼ਲਿਸ ਖ਼ਾਨ ਨੂੰ ਹਮਲਾ ਕਰਨ ਦਾ ਹੁਕਮ ਹੋ ਗਿਆ। ਸਖਤ ਝੜਪ ਹੋਈ। ਅਨੇਕਾਂ ਸਿੱਖ ਸ਼ਹੀਦ ਹੋ ਗਏ ਪਰ ਸ਼ਾਹੀ ਫੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਇਹ ਜੰਗ ਮਈ 1628 ਈ. ਵਿੱਚ ਹੋਈ। ਜ਼ਾਹਿਰਾ ਤੌਰ ਤੇ ਜੰਗ ਬਾਜ ਪਿਛੇ ਹੋਈ ਭਾਸਦੀ ਹੈ ਪਰ ਗੱਲ ਬਾਜ ਦੀ ਨਹੀਂ, ਅਣਖ ਦੀ ਸੀ। ਅਹਿਸਾਸ ਕਰਾਉਣਾ ਜ਼ਰੂਰੀ ਸੀ ਕਿ ਸਿੱਖ ਸ਼ਾਹੀ ਬਾਜ ਵਲੋਂ ਨਿਰਦੋਸ਼ ਪੰਛੀਆਂ ਨੂੰ ਤਸੀਹੇ ਦੇ ਕੇ ਮਾਰਨਾ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਹਕੂਮਤ ਵਲੋਂ ਨਿਰਦੋਸ਼ ਜਨਤਾ ਉੱਤੇ ਕੀਤੇ ਜ਼ੁਲਮ ਕਿਸੇ ਹਾਲਤ ਵਿੱਚ ਵੀ ਸਹਿਨ ਨਹੀਂ ਕਰਨਗੇ।

ਸੰਨ 1630 ਈ. ਵਿੱਚ ਜਲੰਧਰ ਦੇ ਹਾਕਮ ਅਬਦੁੱਲਾ ਖ਼ਾਨ ਦਾ ਗੁਰੂ ਸਾਹਿਬ ਦੀਆਂ ਫ਼ੌਜਾਂ ਨਾਲ ਫਿਰ ਘਮਸਾਨ ਦਾ ਯੁੱਧ ਹੋਇਆ। ਇਹ ਯੁੱਧ ਚੰਦੂ ਦੇ ਰਿਸ਼ਤੇਦਾਰ ਭਗਵਾਨ ਦਾਸ ਨੇ ਜਲੰਧਰ ਦੇ ਸੂਬੇਦਾਰ ਨੂੰ ਸਿਖਾ ਪੜ੍ਹਾ ਕੇ ਕਰਾਇਆ ਸੀ। ਇਸ ਯੁੱਧ ਵਿੱਚ ਵੀ ਜਲੰਧਰ ਦਾ ਹਾਕਮ ਮਾਰਿਆ ਗਿਆ। ਫ਼ੌਜਾਂ ਦੇ ਹੌਂਸਲੇ ਪਸਤ ਹੋ ਗਏ। ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੋਇਆ ਪਰ ਜਿੱਤ ਗੁਰੂ ਦੇ ਸਿੱਖਾਂ ਦੇ ਹੱਥ ਆਈ। ਇਹ ਲੜਾਈ ਨਵੇਂ ਵਸਾਏ ਨਗਰ ਸ੍ਰੀ ਹਰਿਗੋਬਿੰਦਪੁਰ ਹੋਈ ਸੀ।

1631 ਈ. ਵਿੱਚ ਤੀਜੀ ਜੰਗ ਸ਼ੁਰੂ ਹੋ ਗਈ। ਇਸ ਜੰਗ ਦਾ ਕਾਰਨ ਘੋੜੇ ਸਨ। ਕਾਬਲ ਤੋਂ ਕਿਸੇ ਸਿੱਖ ਨੇ ਦੋ ਘੋੜੇ ਭੇਜੇ ਸਨ। ਰਸਤੇ ਵਿੱਚ ਇੱਕ ਮੁਸਲਮਾਨ ਅਫ਼ਸਰ ਨੇ ਇਹ ਦੋਵੇਂ ਘੋੜੇ ਖੋਹ ਕੇ ਸ਼ਾਹੀ ਤਬੇਲੇ ਵਿੱਚ ਭਿਜਵਾ ਦਿੱਤੇ, ਹਕੂਮਤ ਵਲੋਂ ਇਹ ਇੱਕ ਵੰਗਾਰ ਸੀ, ਇੱਕ ਚਨੌਤੀ ਸੀ। ਗੁਰੂ ਜੀ ਨੇ ਆਪਣੇ ਸਿੱਖ ਭਾਈ ਬਿਧੀ ਚੰਦ ਜੀ ਨੂੰ ਇਹ ਘੋੜੇ ਵਾਪਸ ਲਿਆਉਣ ਦਾ ਕੰਮ ਸੌਂਪਿਆਂ। ਉਸ ਨੇ



www.AKJ.Org

ਇੱਕ ਘੋੜਾ ਘਾਹੀ ਬਣ ਕੇ ਲੈ ਆਂਦਾ ਅਤੇ ਦੂਜੇ ਘੋੜੇ ਨੂੰ ਨਜੂਮੀ ਬਣ ਕੇ ਤਬੇਲੇ ਵਿੱਚੋਂ ਕੱਢ ਲਿਆਂਦਾ। ਲੱਲਾ-ਬੇਗ ਇਸ ਵਿੱਚ ਆਪਣੀ ਨਮੋਸ਼ੀ ਸਮਝਦਾ ਸੀ। ਸੋ ਉਸ ਨੇ ਭਾਰੀ ਫ਼ੌਜਾਂ ਲੈ ਕੇ ਹੱਲਾ ਬੋਲ ਦਿੱਤਾ। ਨਥਾਣਾ ਦੇ ਸਥਾਨ ਤੇ ਘੋਰ ਯੁੱਧ ਹੋਇਆ। ਲੱਲਾ ਬੇਗ ਗੁਰੂ ਸਾਹਿਬ ਦੇ ਹੱਥੋਂ ਮਾਰਿਆ ਗਿਆ ਅਤੇ ਫ਼ੌਜਾਂ ਦੁੰਮ ਦਬਾ ਕੇ ਭੱਜ ਉਠੀਆਂ।

ਚੌਥੀ ਜੰਗ ਗੁਰੂ ਜੀ ਤੋਂ ਬਖਸ਼ਿਸ਼-ਪ੍ਰਾਪਤ ਪੈਂਦੇ ਖਾਨ ਦੇ ਅਹੰਕਾਰ ਕਾਰਨ ਹੋਈ। ਪੈਂਦਾ ਖਾਨ ਗੁਰੂ ਜੀ ਦੀ ਸ਼ਰਨ ਵਿੱਚ ਆ ਕੇ, ਸਿਖਲਾਈ ਪ੍ਰਾਪਤ ਕਰਨ ਉਪਰੰਤ ਗੁਰੂ ਦੀ ਫ਼ੌਜ ਦਾ ਸਿਪਾਹੀ ਬਣਿਆ ਸੀ। ਪਹਿਲੀ ਜੰਗ ਵਿੱਚ ਉਹ ਗੁਰੂ ਜੀ ਵਲੋਂ ਹੋ ਕੇ ਬਹੁਤ ਬਹਾਦਰੀ ਨਾਲ ਲੜਿਆ ਸੀ। ਉਸ ਨੂੰ ਗੁਮਾਨ ਹੋ ਗਿਆ ਕਿ ਗੁਰੂ ਦੀਆਂ ਫ਼ੌਜਾਂ ਦੀ ਉਸੇ ਦੀ ਬਹਾਦਰੀ ਸਦਕਾ ਜਿੱਤ ਹੋਈ ਹੈ। ਸਿੱਖ ਤਾਂ ਨਿਤਾਣੇ ਤੇ ਨਿਮਾਣੇ ਜਿਹੇ ਫ਼ੌਜੀ ਹਨ ਜਿਨ੍ਹਾਂ ਪਹਿਲਾਂ ਕਦੇ ਤਲਵਾਰ ਹੱਥ ਵਿੱਚ ਨਹੀਂ ਸੀ ਉਠਾਈ। ਇਸੇ ਅਹੰਕਾਰ ਬਿਰਤੀ ਕਾਰਨ ਗੁਰੂ ਜੀ ਨੇ ਉਸ ਨੂੰ ਛੁੱਟੀ ਮਨਾਉਣ ਲਈ ਘਰ ਭੇਜ ਦਿੱਤਾ। ਤਨਖਾਹ ਉਸ ਨੂੰ ਘਰ ਪਹੁੰਚਦੀ ਰਹੀ। ਉਸ ਦੀ ਗੈਰ ਹਾਜ਼ਰੀ ਵਿੱਚ ਵੀ ਸਿੱਖਾਂ ਨੇ ਜੰਗ ਜਿੱਤੇ। ਇਹ ਗੱਲ ਉਹ ਜਰ ਨਾ ਸਕਿਆ ਅਤੇ ਗੁਰੂ ਜੀ ਨਾਂਲ ਨਰਾਜ਼ ਹੋ ਕੇ ਜਲੰਧਰ ਦੇ ਸੂਬੇਦਾਰ ਦੀ ਸ਼ਹਿ ਤੇ ਹਮਲਾ ਕਰ ਕੇ ਆ ਗਿਆ। ਗੁਰੂ ਜੀ ਨੇ ਉਸ ਨਾਲ ਸਿੱਧੀ ਲੜਾਈ ਕੀਤੀ ਅਤੇ ਉਸ ਨੂੰ ਮੌਤ ਦੇ ਘਾਟ ਉਤਾਰਿਆ। ਜਰਨੈਲ ਦੀ ਮੌਤ ਕਾਰਨ ਵਿਰੋਧੀ ਫ਼ੌਜ ਤਿੱਤਰ ਬਿੱਤਰ ਹੋ ਗਈ। ਜਿੱਤ ਫਿਰ ਗੁਰੂ ਦੇ ਸਿੱਖਾਂ ਦੇ ਹੱਥ ਆਈ। ਆਖਰੀ ਸਾਹ ਪੈਂਦੇ ਖ਼ਾਨ ਦੇ ਮੂੰਹ ਉੱਤੇ ਗੁਰੂ ਜੀ ਆਪਣੀ ਢਾਲ ਨਾਲ ਛਾਂ ਕੀਤੀ ਅਤੇ ਅੰਤ ਸਮੇਂ ਕਲਮਾ ਪੜ੍ਹਨ ਲਈ ਆਖਿਆ, ਪਰ ਉਹ ਕਹਿਣ ਲੱਗਾ *'ਸੱਚੇ ਪਾਤਸ਼ਾਹ ! ਤੇਰੀ ਤਲਵਾਰ ਹੀ ਮੇਰੀ ਕਲਮ ਹੈ।'* ਇਹ ਇੱਕ ਤਰ੍ਹਾਂ ਦਾ ਪਸਚਾਤਾਪ ਸੀ ਜੋ ਪੈਂਦੇ ਖ਼ਾਨ ਨੇ ਅੰਤ ਸਮੇਂ ਕੀਤਾ।

ਇਨ੍ਹਾਂ ਸਾਰੀਆਂ ਜੰਗਾਂ ਵਿੱਚ ਗੁਰੂ ਜੀ ਆਪ ਅੱਗੇ ਹੋ ਕੇ ਲੜਦੇ ਰਹੇ ਅਤੇ ਆਪ ਦੀਆਂ ਸਿੱਖ ਫੌਜਾਂ ਨੇ ਬਹਾਦਰੀ ਦੇ ਜੋ ਜੌਹਰ ਵਿਖਾਏ ਉਹ ਕਥਨੀ ਤੋਂ ਬਾਹਰ ਹਨ। ਵੈਰੀ ਦਲਾਂ ਵਿੱਚ ਭਾਜੜ ਪੈ ਜਾਂਦੀ ਰਹੀ। ਸਿੱਖ ਡਟੇ ਰਹਿੰਦੇ ਕਿਉਂਕਿ ਉਹ ਮਰਨ ਲਈ ਤਿਆਰ ਹੋ ਕੇ ਆਉਂਦੇ ਸਨ :

ਸੂਰੁ ਕਿ ਸਨਮੁਖ ਰਨ ਤੇ ਡਰਪੈ.......... (ਪੰਨਾ ੩੩੮)
ਜੋ ਸੂਰਾ ਤਿਸ ਹੀ ਹੋਇ ਮਰਣਾ।। .
ਜੋ ਭਾਗੈ ਤਿਸੁ ਜੋਨੀ ਫਿਰਣਾ।। (ਪੰਨਾ ੧੦੧੯)

ਇਤਿਹਾਸਕਾਰਾਂ ਨੇ ਇਨ੍ਹਾਂ ਜੰਗਾਂ ਦਾ ਵਰਨਣ ਕਰਦਿਆਂ ਹੋਇਆ ਸਪੱਸ਼ਟ ਕੀਤਾ ਹੈ ਕਿ ਗੁਰੂ ਜੀ ਨੇ ਕਦੇ ਪਹਿਲਾਂ ਹਮਲਾ ਨਹੀਂ ਸੀ ਕੀਤਾ ਪਰ ਜਦੋਂ ਵਿਰੋਧੀ ਧਾਵਾ ਬੋਲਕੇ ਆ ਜਾਵੇ ਤਾਂ ਗੁਰੂ ਜੀ ਡਟ ਕੇ ਟਾਕਰਾ ਕਰਦੇ। ਸਿੱਖ ਸਿਪਾਹੀ ਹਰ ਵੇਲੇ ਹੀ ਲੜਾਈ ਲਈ ਤਿਆਰ ਰਹਿੰਦੇ ਸਨ। ਸਰਕਾਰ ਦੀਆਂ ਬਦਨੀਤੀਆਂ ਗੁਰੂ ਜੀ ਤੋਂ ਲੁਕੀਆਂ ਹੋਈਆਂ ਨਹੀਂ ਸਨ ਇਸ ਲਈ ਉਹ ਸੈਨਾ ਨੂੰ ਸਦਾ ਤਿਆਰ ਰੱਖਦੇ ਸਨ। ਹਰ ਮੌਕੇ ਤੇ ਘਮਸਾਨ ਦੀ ਲੜਾਈ ਹੁੰਦੀ। ਗੁਰੂ ਸੈਨਾਪਤੀ ਵਲੋਂ ਲੜਾਈ ਦਾ ਹੁਕਮ ਹੀ ਨਹੀਂ ਸੀ ਦਿੱਤਾ ਜਾਂਦਾ ਸਗੋਂ ਹਰ ਵਾਰੀ ਗੁਰੂ ਜੀ ਆਪ ਮੈਦਾਨ ਵਿੱਚ ਜੂਝਦੇ। ਫਲਸਰੂਪ ਸਿੱਖਾਂ ਦਾ ਉਤਸ਼ਾਹ ਦੂਣਾ ਚੌਣਾ ਹੋ ਜਾਂਦਾ। ਗੁਰੂ ਸੈਨਾਪਤੀ ਹੋਵੇ, ਗੁਰੂ ਨੂੰ ਜਵਾਨੀ ਭੇਟ ਕਰਨ ਵਾਲੇ ਸਿੱਖ ਸੂਰਮੇ ਮ... ਮਿੱਟਣ ਲਈ ਤਿਆਰ ਹੋਣ ਤਾਂ ਜਿੱਤ ਕਿਵੇਂ ਨਾ ਪੈਰ ਚੁੰਮੇ ?

ਸੈਨਾਪਤੀ ਹੋਣ ਦੀ ਹੈਸੀਅਤ ਵਿੱਚ ਵਿਰੋਧੀ ਜਰਨੈਲਾਂ ਨਾਲ ਆਪ ਹੀ ਟਾਕਰੇ ਲਈ ਮੈਦਾਨ ਵਿੱਚ ਆਉਂਦੇ। ਸ਼ਾਹੀ ਫੌਜਾਂ ਦੇ ਜਰਨੈਲ ਆਪ ਦੇ ਹੱਥੋਂ ਹੀ ਮਾਰੇ ਜਾਂਦੇ ਰਹੇ। ਮੀਰੀ ਦੀ ਤਲਵਾਰ ਟੁੱਟਣ ਤੇ ਪੀਰੀ ਦੀ ਤਲਵਾਰ ਦੀ ਕਦੇ ਵੀ ਵਰਤੋਂ ਨਹੀਂ ਸੀ ਕੀਤੀ। ਅਜੇਹੇ ਸਮੇਂ ਢਾਲ ਤੋਂ ਹੀ ਤਲਵਾਰ ਦਾ ਕੰਮ ਲੈ ਲੈਂਦੇ ਸਨ। ਬਾਹੂਬਲ ਇੰਨਾਂ ਸੀ ਕਿ ਹੱਥਾਂ ਨਾਲ ਹੀ ਵੈਰੀ ਨੂੰ ਪਾਰ ਬੁਲਾ ਦੇਂਦੇ ਸਨ। ਆਤਮ ਬਲ ਦੇ ਨਾਲ ਨਾਲ ਸਰੀਰਕ ਬਲ ਵੀ ਅਥਾਹ ਦਰਜੇ ਦਾ ਸੀ। ਦੋਹਾਂ ਸ਼ਕਤੀਆਂ ਦਾ ਸੰਗਮ ਆਪ ਦਾ ਅਦੁੱਤੀ ਗੁਣ ਸੀ। ਇਹ ਹੀ ਸੂਰਮੇ ਸੈਨਾਪਤੀ ਦਾ ਪ੍ਰਮੁੱਖ ਲੱਛਣ ਹੁੰਦਾ ਹੈ।

ਸੂਰਮਾ ਕਦੇ ਕ੍ਰੋਧ ਵਿੱਚ ਨਹੀਂ ਆਉਂਦਾ। ਪਰਉਪਕਾਰੀ ਯੋਧਾ ਗੁਰੂ ਪੂਰੇ ਜੋਸ਼ ਨਾਲ ਵਾਰ ਕਰਦਾ ਹੋਇਆ ਵੀ ਮੁਸਕਰਾ ਰਿਹਾ ਹੁੰਦਾ ਸੀ। ਅੰਦਰਲਾ ਖੇੜਾ ਰਣਭੂਮੀ ਵਿੱਚ ਵੀ ਮੁੱਖੜੇ ਤੋਂ ਟਪਕਦਾ ਵਿਖਾਈ ਦੇਂਦਾ ਸੀ। ਵੈਰੀ ਦੇ ਸਨਮੁੱਖ ਮੁਸਕਰਾਉਂਦੇ ਹੋਏ ਜਾਣਾ ਜਿਵੇਂ ਕੋਈ ਖੇਡ ਖੇਡੀ ਜਾ ਰਹੀ ਹੋਵੇ। ਆਹਮੋ ਸਾਹਮਣੇ ਹੋ ਰਹੀ ਲੜਾਈ ਵਿੱਚ ਵਿਰੋਧੀ ਨੂੰ ਪਹਿਲਾਂ ਵਾਰ ਕਰਨ ਲਈ ਕਹਿੰਦੇ। ਉਸਦੇ ਇੱਕ, ਦੋ, ਤਿੰਨ ਵਾਰ ਖਾਲੀ ਜਾਣ ਪਿੱਛੋਂ ਆਪ ਇਸ ਤਰ੍ਹਾਂ ਵਾਰ ਕਰਦੇ ਜਿਵੇਂ ਵਾਰ ਕਰਨ ਦੀ ਜਾਂਚ ਸਿਖਾ ਰਹੇ ਹੋਣ। ਹੱਥ ਵਾਰ ਕਰਨ ਲਈ ਉਛਲਦਾ,ਮੁੱਖੋਂ ਉਚਾਰਣ ਹੁੰਦਾ : *"ਇਉਂ ਨਹੀਂ ਵਾਰ ਇਸ ਤਰ੍ਹਾਂ ਕਰੀਦਾ ਹੈ।"* ਸਦਾ ਸ਼ਾਂਤ ਚਿੱਤ ਰਹਿੰਦੇ, ਮੁਸਕਰਾਹਟ ਤੇ ਰੋਹ ਇਕੱਠੇ ਹੀ



www.AKJ.Org

ਪ੍ਰਗਟ ਹੁੰਦੇ।

ਸੂਰਮਿਆਂ ਨੂੰ ਨੀਤੀ ਦੀ ਵਰਤੋਂ ਵੀ ਕਰਨੀ ਪੈਂਦੀ ਹੈ। ਆਪ ਨੀਤੀਵਾਨ ਵੀ ਕਮਾਲ ਦੇ ਸਨ। ਵਾਹ ਲੱਗਦੇ ਕਦੇ ਵੀ ਰਿਹਾਇਸ਼ੀ ਸਥਾਨ ਦੇ ਨੇੜੇ ਜੰਗ ਨਾ ਕਰਦੇ ਤਾਂ ਜੋ ਨਿਰਦੋਸ਼ ਅਤੇ ਨਿਹੱਥੀ ਜਨਤਾ ਦਾ ਨੁਕਸਾਨ ਹੋਣੋ ਬਚ ਜਾਵੇ। ਕਿਲ੍ਹਾ ਲੋਹ-ਗੜ੍ਹ ਵੀ ਸ਼ਹਿਰ ਤੋਂ ਕੁੱਝ ਦੂਰੀ ਤੇ ਬਣਾਇਆ ਗਿਆ ਸੀ। ਵੈਰੀ ਦਲ ਦੇ ਆਉਣ ਦੀ ਸੂਚਨਾ ਮਿਲਦੀ ਤਾਂ ਅੱਗਲ ਵਾਂਢੀ ਹੋ ਕੇ ਮਿਲਦੇ ਅਤੇ ਬਸਤੀ ਤੋਂ ਕੁੱਝ ਫਾਸਲੇ ਤੇ ਟਾਕਰਾ ਕਰਦੇ।

ਆਪ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਦੂਸਰੇ ਸਿੱਖਾਂ ਵਾਂਗ ਯੁੱਧ ਦੀ ਪੂਰੀ ਸਿਖਲਾਈ ਦਿੱਤੀ ਹੋਈ ਸੀ ਤਾਂ ਜੋ ਸਿੱਖਾਂ ਦੀ ਸੈਨਾ ਵਿੱਚ ਸ਼ਾਮਲ ਹੋ ਕੇ ਉਹ ਵੀ ਆਪਾ ਕੁਰਬਾਨ ਕਰਨ ਲਈ ਤਿਆਰ ਰਹਿਣ ਅਤੇ ਬਹਾਦਰੀ ਦੇ ਜੌਹਰ ਦਿਖਾ ਸਕਣ। ਬਾਬਾ ਗੁਰਦਿੱਤਾ ਜੀ ਨੇ ਪਹਿਲੀ ਜੰਗ ਵਿੱਚ ਬਹੁਤ ਬਹਾਦਰੀ ਦਿਖਾਈ। ਸਾਹਿਬਜ਼ਾਦਾ ਤੇਗ ਮੱਲ ਜੀ ਨੇ ਤਾਂ ਬਾਲਪਨ ਵਿੱਚ ਹੀ ਰਣਭੂਮੀ ਅੰਦਰ ਇੰਨੀ ਬਹਾਦਰੀ ਵਿਖਾਈ ਕਿ ਆਪ ਨੇ ਪ੍ਰਸੰਨ ਹੋ ਕੇ ਉਨ੍ਹਾਂ ਦਾ ਨਾਮ *'ਤੇਗ ਬਹਾਦਰ'* ਰੱਖ ਦਿੱਤਾ।

ਉਤੋੜੁਤੀ ਜੰਗਾਂ ਹੋਣ ਦੇ ਬਾਵਜੂਦ ਆਪ ਨੇ ਗੁਰਮਤਿ ਆਦਰਸ਼ਾਂ ਦੇ ਪਰਚਾਰ ਵਲੋਂ ਕਦੇ ਅਵੇਸਲਾਪਨ ਨਾ ਲਿਆਂਦਾ, ਆਪ ਵੀ ਪਰਚਾਰ ਫੇਰੀਆਂ ਜਾਰੀ ਰੱਖੀਆਂ ਅਤੇ ਯੋਗ ਸਿੱਖਾਂ ਨੂੰ ਵੀ ਜੱਥੇ ਬਣਾ ਕੇ ਚੁਤਰਫੀ ਗੁਰਮਤਿ ਆਦਰਸ਼ਾਂ ਦੇ ਪਰਚਾਰ ਲਈ ਭੇਜਿਆ। ਖੋਟ ਕਮਾਉਣ ਵਾਲਿਆਂ ਨੇ ਤਾਂ ਕਿਸੇ ਸਥਿਤੀ ਵਿੱਚ ਵੀ ਘੱਟ ਨਹੀਂ ਗੁਜ਼ਾਰਨੀ ਹੁੰਦੀ। ਇਸ ਲਈ ਗੁਰੂ ਜੀ ਪਰਚਾਰਕ ਜੱਥਿਆਂ ਦੇ ਨਾਲ ਵੀ ਸ਼ਸਤ੍ਰ ਬੱਧ ਜਥੇ ਭੇਜਦੇ ਸਨ ਤਾਂ ਜੋ ਕਿਸੇ ਵੀ ਔਕੜ ਦਾ ਸਾਹਮਣਾ ਕੀਤਾ ਜਾ ਸਕੇ। ਭਗਤੀ ਦੀ ਬੁਨਿਆਦ ਉੱਤੇ ਸ਼ਕਤੀ ਦਾ ਮਹਲ ਉਸਾਰਿਆ ਸੀ। ਭਗਤਾਂ ਦੀ ਸੁਰੱਖਿਆ ਲਈ ਸ਼ਕਤੀ ਦੀ ਵਰਤੋਂ ਵੀ ਜ਼ਰੂਰੀ ਸਮਝੀ। ਪਰਚਾਰਕ ਜੱਥੇ ਅੰਦਰਲੇ ਵੈਰੀਆਂ ਨਾਲ ਜੂਝਣ ਦੀ ਜਾਂਚ ਦੱਸਦੇ, ਸ਼ਸਤ੍ਰ ਬੱਧ ਸੈਨਿਕ ਟੁਕੜੀਆਂ ਬਾਹਰਲੇ ਵੈਰੀਆਂ ਨੂੰ ਸੋਧਣ ਲਈ ਤਿਆਰ ਰਹਿੰਦੀਆਂ।

ਇਸ ਤਰ੍ਹਾਂ 'ਦਲ ਭੰਜਨ ਗੁਰ ਸੂਰਮਾ' ਅੰਦਰਲੇ ਤੇ ਬਾਹਰਲੇ ਵੈਰੀ ਦਲਾਂ ਨਾਲ ਆਪ ਜੂਝਿਆ ਅਤੇ ਸਿੱਖਾਂ ਨੂੰ ਵੀ ਜੂਝਣ ਲਈ ਤਿਆਰ ਕਰਕੇ ਸਦਾ ਜਿੱਤ ਦੇ ਡੰਕੇ ਵਜਾਏ। ਸੂਰਮੇ ਗੁਰੂ ਨੇ ਸਿੱਖਾਂ ਨੂੰ ਸੂਰਮਤਾਈ ਦੇ ਰੰਗ ਵਿੱਚ ਅਜਿਹਾ ਰੰਗਿਆ ਕਿ ਸਿੱਖਾਂ ਨੇ ਠਾਣ ਲਿਆ :

ਡਗ ਮਗ ਛਾਡਿ ਰੇ ਮਨ ਬਉਰਾ।।
ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ।।੧।।ਰਹਾਉ।।

(ਪੰਨਾ ੩੩੮)

ਇਹ ਸੀ ਦਲ ਭੰਜਨ ਗੁਰ ਸੂਰਮੇ ਦਾ ਵਿਚਿਤ੍ਰ ਕਰਤੱਵ 'ਗੁਰ ਸੂਰਮਾ' ਸੰਤ ਸਿਪਾਹੀਆਂ ਦੀ ਸੈਨਾ ਦੀ ਸਥਾਪਨਾ ਕਰ ਰਿਹਾ ਸੀ ਜਿਸ ਨੂੰ ਸੰਪੂਰਨ ਰੂਪ ਦਿੱਤਾ *'ਸ਼ਾਹਿ ਸ਼ਾਹਿਨ ਸ਼ਾਹ ਗੁਰੂ ਗੋਬਿੰਦ ਸਿੰਘ'* ਨੇ। ❋❋❋❋❋

(ਪੰਨਾ ੧੪ ਦਾ ਬਾਕੀ.........)

ਰਹਿਤ (ਖੰਡੇ ਦੀ ਪਾਹੁਲ ਵੇਲੇ) ਕੀਤੇ ਕਰਵਾਏ ਪ੍ਰਣ ਨੂੰ ਦ੍ਰਿੜ੍ਹ ਕਰਾਉਣ ਅਤੇ ਪਰਚਾਰਨ ਦੀ ਹੀ ਲੋੜ ਹੈ। ਉਹ ਇਹ ਹੈ ਕਿ ਪੰਜ ਕੱਕਾਰਾਂ ਦੇ ਧਾਰਨੀ ਹੋਣਾ, ਚਾਰ ਬੱਜਰ ਕੁਰਹਿਤਾਂ ਤੋਂ ਬਚਣਾ, ਗੁਰਬਾਣੀ ਦੇ ਚਾਨਣੇ ਵਿੱਚ ਗੁਰਮੁਖਾਂ ਗੁਰਸਿੱਖਾਂ ਵਾਲਾ ਜੀਵਨ (ਕਿਰਤ ਕਰਨੀ, ਵੰਡ ਛਕਣਾ ਅਤੇ ਸਭ ਤੋਂ ਸ੍ਰੇਸ਼ਟ ਅਤੇ ਅਵਲ ਕਰਮ ਪ੍ਰਭੂ ਦਾ ਨਾਮ ਜਪਣਾ) ਜਿਉਣਾ।

ਸੋ ਵਿਸਾਖੀ ਦੇ ਪੁਰਬ ਸਮੇਂ ਸਾਨੂੰ ਸਭ ਨੂੰ ਹੀ ਆਪਣੀ ਅੰਦਰਲੀ ਅਤੇ ਬਾਹਰਲੀ ਰਹਿਤ ਦੀਆਂ ਕਮਜ਼ੋਰੀਆਂ ਦੂਰ ਕਰਨ ਵੱਲ ਧਿਆਨ ਦੇ ਕੇ ਸੁਧਾਰ ਦੀ ਲੋੜ ਹੈ। ਉਹ ਸਿੱਖ ਭਗਵਾਨ ਹੈ ਜੋ ਪੰਜ ਕੱਕਾਰਾਂ ਦੀ ਰਹਿਤ ਰੱਖਦਾ ਹੋਇਆ ਚਾਰ ਬਜਰ ਕੁਰਹਿਤਾਂ ਤੋਂ ਬਚਿਆ ਹੋਇਆ ਹੈ। ਹੋਰ ਨਿੱਕੀਆਂ ਨਿੱਕੀਆਂ ਗੱਲਾਂ ਵਲੋਂ ਭੀ ਸੁਚੇਤ ਰਹਿਣਾ ਲਾਹੇਵੰਦਾ ਹੈ। ਗੁਰੂ ਵਾਲੇ ਬਣਨਾ ਜ਼ਰੂਰੀ ਹੈ, ਨਿਗੁਰੇ ਨਹੀਂ ਰਹਿਣਾ। ਆਪਣੀ ਮਰਜ਼ੀ ਨਾਲ ਅੱਧੀ ਕੁ ਸਿੱਖੀ ਮੰਨ ਕੇ, ਇਹ ਧਾਰਨਾ ਬਨਾਉਣੀ ਕਿ ਸਿੱਖੀ ਤਾਂ ਅੰਦਰ ਦੀ ਹੈ, ਬਾਹਰੋਂ ਹੋਣ ਤੋਂ ਸੰਕੋਚ ਕਰੀ ਰੱਖਣਾ ਭੀ ਇੱਕ ਪਖੰਡ ਹੈ। ਸੋ "ਅੰਮ੍ਰਿਤ" ਵਾਲੇ ਸੱਚੇ ਸੁੱਚੇ ਜੀਵਨ-ਪ੍ਰਣ ਲਈ ਸਤਿਗੁਰੂ ਜੀ ਅੱਗੇ ਜੋਦੜੀ ਕਰਨੀ ਚਾਹੀਦੀ ਹੈ। ਇਸ ਜੀਵਨ-ਪ੍ਰਣ ਤੋਂ ਵਾਂਝੇ ਨਹੀਂ ਰਹਿਣਾ। ਵਿਸਾਖੀ ਦਾ ਇਹੋ ਹੀ ਸੁਨੇਹਾ ਹੈ ਕਿ ਅੰਮ੍ਰਿਤ ਪੀਵਹੁ ਭਾਈ, ਅੰਮ੍ਰਿਤ ਪੀਵੋ। ਅੰਮ੍ਰਿਤ ਛਕ ਕੇ ਇਹੋ ਹੀ ਚੇਤਾ ਰਹੇ :-

ਅੰਮ੍ਰਿਤੁ ਪੀਆ ਸਤਿਗੁਰਿ ਦੀਆ।।
ਅਵਰੁ ਨ ਜਾਣਾ ਦੂਆ ਤੀਆ।।
ਏਕੋ ਏਕੁ ਸੁ ਅਪਰ ਪਰੰਪਰੁ
ਪਰਖਿ ਖਜਾਨੈ ਪਾਇਦਾ।।੧੨।।

(ਮਾਰੂ ਮ: ੧, ਪੰਨਾ ੧੦੩੪)

❋❋❋❋❋❋



www.AKJ.Org

# ਸਾਬਤ ਸੂਰਤਿ ਦਸਤਾਰ ਸਿਰਾ

(ਨਰਿੰਦਰ ਕੌਰ ਫੇਰੋਚੇਚੀ, ਗੁਰਦਾਸਪੁਰ)

ਉਸ ਦਿਨ ਬੀਬੀਆਂ ਦੀ ਵਾਰਤਾਲਾਪ ਇਉਂ ਹੋਈ :-

ਮਨਜੀਤ ਕੌਰ : ਕਈ ਬੀਬੀਆਂ ਤਾਂ ਕੇਸਕੀ ਨਹੀਂ ਸਜਾਉਂਦੀਆਂ, ਉਨ੍ਹਾਂ ਨੇ ਵੀ ਅੰਮ੍ਰਿਤ ਛਕਿਆ ਹੁੰਦਾ ਹੈ। ਭੈਣ ਜੀ ! ਕੀ ਤੁਹਾਡਾ ਅੰਮ੍ਰਿਤ ਕੋਈ ਹੋਰ ਹੈ ?

ਸਤਵੰਤ ਕੌਰ : ਭੈਣ ਜੀ ! ਅੰਮ੍ਰਿਤ ਤਾਂ ਇਕ ਹੀ ਹੈ। ਅੰਮ੍ਰਿਤ ਤਾਂ ਦੋ ਨਹੀਂ ਹੁੰਦੇ ਪਰ ਕੇਸਕੀ ਪੰਜਵਾਂ ਕਕਾਰ ਹੈ ਜੋ ਕੇਸਾਂ ਨੂੰ ਢੱਕਣ ਵਾਸਤੇ ਹੈ। ਕੰਘਾ ਦਾ ਗੁੱਤ ਵਿੱਚ ਖਲੋਂਦਾ ਨਹੀਂ, ਡਿੱਗ ਡਿੱਗ ਪੈਂਦਾ ਹੈ। ਕਈ ਤਾਂ ਪਲਾਸਟਿਕ ਦੇ ਕੰਘੇ ਨਾਲ ਸਿਰ ਵਾਹ ਲੈਂਦੀਆਂ ਹਨ। ਕੰਘੇ ਨੂੰ ਜਾਂ ਗੁੱਤ ਵਿੱਚ ਟੁੰਗਦੀਆਂ ਹਨ ਜਾਂ ਗਾਤਰੇ ਨਾਲ ਬੰਨ੍ਹਦੀਆਂ ਹਨ। ਕੰਘੇ ਵਾਸਤੇ ਉਨ੍ਹਾਂ ਕੋਲ ਜਗ੍ਹਾ ਨਿਸ਼ਚਿਤ ਨਹੀਂ ਹੁੰਦੀ, ਜੇਕਰ ਕੇਸਕੀ ਸਜਾਈ ਹੋਵੇ ਤਾਂ ਕੰਘਾ ਡਿੱਗ ਨਹੀਂ ਸਕਦਾ।

ਮਨਜੀਤ ਕੌਰ : ਕੇਸਕੀ ਸਜਾਉਣ ਦੇ ਕੀ ਲਾਭ ਹਨ ?

ਸਤਵੰਤ ਕੌਰ : ਕੇਸਕੀ ਸਜਾਉਣ ਦੇ ਬਹੁਤ ਜ਼ਿਆਦੇ ਲਾਭ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਸਿਰ ਵਿੱਚ ਮਿੱਟੀ ਘੱਟਾ ਨਹੀਂ ਪੈਂਦਾ। ਦੂਸਰੀ ਗੱਲ ਇਹ ਹੈ ਕਿ ਕਈ ਵਾਰੀ ਕੇਸਕੀ ਸਾਨੂੰ ਸੱਟ ਪਿੱਟ ਤੋਂ ਬਚਾਉਂਦੀ ਹੈ। ਡਿੱਗ ਵੀ ਪਈਏ ਤਾਂ ਕੇਸਕੀ ਸਾਡਾ ਬਚਾਉ ਕਰ ਦਿੰਦੀ ਹੈ। ਕੇਸਾਂ ਦੀ ਸੰਭਾਲ ਕੇਸਕੀ ਸਜਾ ਕੇ ਹੀ ਹੋ ਸਕਦੀ ਹੈ।

ਮਨਜੀਤ ਕੌਰ : ਪੰਜਵਾਂ ਕਕਾਰ ਕੇਸਕੀ ਹੈ ਜਾਂ ਕੇਸ ?

ਸਤਵੰਤ ਕੌਰ : ਗੁਰੂ ਗੋਬਿੰਦ ਸਿੰਘ ਜੀ ਨੇ ਜਦ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਕੇਸਕੀ ਹੀ ਸਜਾਈ ਸੀ। ਸਾਡੀਆਂ ਪ੍ਰਾਚੀਨ ਮਾਵਾਂ ਭੈਣਾਂ ਕੇਸਕੀ ਹੀ ਸਜਾਉਂਦੀਆਂ ਸਨ। ਮਾਈ ਭਾਗ ਕੌਰ, ਮਾਤਾ ਸਾਹਿਬ ਕੌਰ, ਸ਼ਹੀਦ ਸਿੰਘਣੀਆਂ, ਸਭਨਾਂ ਨੇ ਕੇਸਕੀ ਸਜਾਈ ਹੋਈ ਸੀ। ਉਨ੍ਹਾਂ ਨੇ ਤਾਂ ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਯੁੱਧ ਕੀਤੇ ਸਨ। ਜੇਕਰ ਉਨ੍ਹਾਂ ਕੋਲ ਚੁੰਨੀਆਂ ਹੁੰਦੀਆਂ ਤਾਂ ਉਹ ਚੁੰਨੀਆਂ ਹੀ ਸੰਭਾਲਦੀਆਂ ਰਹਿੰਦੀਆਂ, ਭਰਾਵਾਂ ਦੀ ਮਦਦ ਕੀ ਕਰਨੀ ਸੀ ? ਕੇਸ ਤਾਂ ਸਰੀਰ ਦਾ ਅੰਗ ਹਨ ਜਿੰਨਾਂ ਨੂੰ ਕਤਲ ਕਰਨਾ ਬੱਜਰ ਕੁਰਹਿਤ ਹੈ ਅਤੇ ਸਿੱਖ ਪਤਿਤ ਹੋ ਜਾਂਦਾ ਹੈ ਉਸ ਨੂੰ ਮੁੜ ਸਿੱਖੀ ਦੇ ਦਾਇਰੇ ਵਿਚ ਆਉਣ ਵਾਸਤੇ ਦੁਬਾਰਾ ਅੰਮਿਤ ਵਾਸਤੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ। ਕੇਸਕੀ ਕੇਸਾਂ ਦੀ ਸੰਭਾਲ ਵਾਸਤੇ ਕੰਘੇ ਵਾਂਗ ਪੰਜਵਾਂ ਕਕਾਰ ਹੈ।

ਮਨਜੀਤ ਕੌਰ : ਭੈਣ ਜੀ ! ਕਈ ਬੀਬੀਆਂ ਨੇ ਅੰਮ੍ਰਿਤ ਛਕਿਆ ਹੁੰਦਾ ਅਤੇ ਸੁਰਖੀ ਬਿੰਦੀ, ਪੂਰਾ ਹਾਰ ਸ਼ਿੰਗਾਰ ਵੀ ਕੀਤਾ ਹੁੰਦਾ ਹੈ, ਕੀ ਉਨ੍ਹਾਂ ਦਾ ਅਜਿਹਾ ਕਰਨਾ ਠੀਕ ਹੈ ?

ਸਤਵੰਤ ਕੌਰ : ਅਜਿਹਾ ਹਾਰ ਸ਼ਿੰਗਾਰ ਜਦੋਂ ਅੰਮ੍ਰਿਤ ਪਾਨ ਕਰਵਾਇਆ ਜਾਂਦਾ ਹੈ, ਕਰਨ ਦੀ ਸਖਤ ਮਨਾਹੀ ਕੀਤੀ ਜਾਂਦੀ ਹੈ। ਸਾਨੂੰ ਤਾਂ ਨਾਮ ਬਾਣੀ ਦੇ ਰੰਗ ਦਾ ਸ਼ਿੰਗਾਰ ਕਰਨਾ ਚਾਹੀਦਾ ਹੈ। ਕਈ ਇਸ ਵਾਸਤੇ ਹੀ ਕੇਸਕੀ ਨਹੀਂ ਸਜਾਉਂਦੀਆਂ ਕਿ ਜੇਕਰ ਸਿਰ ਤੇ ਕੇਸਕੀ ਹੋਈ ਤਾਂ ਝੁਮਕੇ, ਨੱਥਾਂ, ਛੱਲੇ ਨਹੀਂ ਪੈ ਸਕਦੇ। ਕਦੇ ਕੇਸਕੀ ਧਾਰੀ ਬੀਬੀ ਨੇ ਤਾਂ ਅਜਿਹਾ ਸ਼ਿੰਗਾਰ ਨਹੀਂ ਕੀਤਾ। ਉਹ ਤਾਂ ਬੁੱਲ੍ਹ ਨਹੀਂ ਰੰਗਦੀਆਂ। ਬਿੰਦੀ, ਸੁਰਖੀ, ਪਾਊਡਰ, ਕਰੀਮਾਂ ਲਾਉਣੀਆਂ ਬਿਲਕੁਲ ਹੀ ਸ਼ੋਭਾ ਨਹੀਂ ਦਿੰਦੀਆਂ ਖਾਸ ਕਰਕੇ ਜਿੰਨ੍ਹਾਂ ਨੇ ਅੰਮ੍ਰਿਤ ਛਕਿਆ ਹੁੰਦਾ ਹੈ! ਬਿਨ-ਕੇਸਕੀ ਅਜਿਹੇ ਫੈਸ਼ਨਾਂ ਵਿਚ ਰੁੜ੍ਹਦੀਆਂ ਜਾਂਦੀਆਂ ਹਨ। ਅਜਿਹਾ ਕਰਨਾ ਅੰਮ੍ਰਿਤ ਦੀ ਘੋਰ ਬੇਅਦਬੀ ਕਰਨੀ ਹੈ।

ਸਤਵੰਤ ਕੌਰ : ਕਈ ਬੀਬੀਆਂ ਕੇਸਕੀ ਗੁੱਤ ਉਪਰੋਂ ਬੰਨ੍ਹਦੀਆਂ ਹਨ ਜਾਂ ਗਿੱਚੀ ਵਿੱਚ ਜੂੜਾ ਕਰਕੇ। ਇਸ ਸੰਬੰਧੀ ਤੁਹਾਡਾ ਕੀ ਖਿਆਲ ਹੈ ?

ਮਨਜੀਤ ਕੌਰ : ਅਜਿਹਾ ਕਰਨਾ ਮਨਮਤਿ ਹੈ। ਕੇਸਕੀ ਹਮੇਸ਼ਾਂ ਸਿਰ ਦੇ ਉੱਪਰ ਜੂੜਾ ਕਰਕੇ ਸਜਾਈ ਜਾਣੀ ਚਾਹੀਦੀ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਮਰਦਾਂ ਇਸਤਰੀਆਂ ਨੂੰ ਬਰਾਬਰ ਦਾ ਦਰਜਾ ਦਿੰਦੇ ਹਨ। ਸਿੰਘਾਂ ਵਾਸਤੇ ਵੀ ਉਹ ਹੀ ਰਹਿਤ ਹੈ, ਬੀਬੀਆਂ ਵਾਸਤੇ ਵੀ ਉਹ ਹੀ ਹੈ। ਫਿਰ ਮਰਦ ਤਾਂ ਕਦੀ ਮਗਰ ਕੇਸ ਕਰਕੇ ਕੇਸਕੀ ਨਹੀਂ ਬੰਨ੍ਹਦੇ, ਪੱਗ ਬੰਨ੍ਹਦੇ ਹਨ। ਬੀਬੀਆਂ ਨੂੰ ਵੀ ਦਸਤਾਰ ਸਜਾਉਣੀ ਚਾਹੀਦੀ ਹੈ। ਉਹ ਕਿਉਂ ਨਹੀਂ ਸਜਾ ਸਕਦੀਆਂ ? ਮਨ ਦੀ ਮਤ ਤਿਆਗਣੀ ਹੀ ਪਵੇਗੀ।

ਸਤਵੰਤ ਕੌਰ : ਕਈ ਬੀਬੀਆਂ ਕਹਿੰਦੀਆਂ ਹਨ ਕਿ ਕੇਸਕੀ ਸਜਾ ਕੇ ਸਿਰ ਦਰਦ ਹੁੰਦੀ ਹੈ। ਕੀ ਸੱਚਮੁੱਚ ਅਜਿਹਾ ਹੁੰਦਾ ਹੈ ?

ਮਨਜੀਤ ਕੌਰ : ਅਜਿਹੀ ਕੋਈ ਗੱਲ ਨਹੀਂ ਹੈ। ਸਿਰ ਦਰਦ ਉਨ੍ਹਾਂ ਦੇ ਹੀ ਹੁੰਦੀ ਹੈ ਜਿਨ੍ਹਾਂ ਦਾ ਮਨ ਚੰਚਲਤਾ, ਵਿਸ਼ੇ ਵਿਕਾਰਾਂ ਵਿੱਚ ਗ੍ਰਸਿਆ ਹੁੰਦਾ ਹੈ। ਸਿਰ ਦਰਦ

(ਬਾਕੀ ਪੰਨਾ ੨੫ ਤੇ ........)



www.AKJ.Org

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ (2)

(ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ)

ਲੜੀ ਜੋੜਨ ਲਈ ਦੇਖੋ ਸੂਰਾ ਅਪ੍ਰੈਲ, ੯੯.........

ਸਿਮਰਨ ਤੋਂ ਪ੍ਰਾਪਤ ਹੋਣ ਵਾਲੀ ਉੱਨਤੀ ਦੀ ਵਿਚਾਰ ਪਹਿਲੀ ਅਸ਼ਟਪਦੀ ਵਿੱਚ ਕੀਤੀ ਗਈ ਹੈ। ਇਹ ਉੱਨਤੀ ਸਰਬ-ਪੱਖੀ ਹੈ। ਸਰੀਰਕ ਉੱਨਤੀ, ਸੁਭਾਵਿਕ ਉੱਨਤੀ, ਸਦਾਚਾਰਕ ਉੱਨਤੀ, ਮਾਨਸਿਕ ਉੱਨਤੀ ਤੇ ਆਤਮਿਕ ਉੱਨਤੀ। ਐਸੀ ਉੱਨਤੀ ਤੋਂ ਮਾਨਸਿਕ ਤੇ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ ਤੇ ਹਰ ਪ੍ਰਕਾਰ ਦੇ ਦੁੱਖਾਂ ਪਾਪਾਂ ਦਾ ਨਾਸ ਹੁੰਦਾ ਹੈ। ਗੁਰੂ ਸਾਹਿਬ ਦਾ ਕਥਨ ਹੈ -

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।
ਕਲਿ ਕਲੇਸ ਤਨ ਮਾਹਿ ਮਿਟਾਵਉ।।"........
"ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।।
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ।।
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ।।
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ।।
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ।।
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ।।
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ।।
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ।।"

ਜਦੋਂ ਵਿਅਕਤੀ "ਕਲਿ ਕਲੇਸ ਤਨਿ ਮਾਹਿ ਮਿਟਾਵਉ" ਲਈ ਬੇਨਤੀ ਕਰਦਾ ਹੈ ਤਾਂ ਸਰੀਰਕ ਅਰੋਗਤਾ ਦੇ ਨਾਲ ਮਾਨਸਿਕ ਸ਼ਕਤੀ ਵੀ ਪ੍ਰਾਪਤ ਹੁੰਦੀ ਹੈ। ਇਸ ਤੋਂ ਅਰੋਗ ਵਿਚਾਰਧਾਰਾ ਉਤਪੰਨ ਹੁੰਦੀ ਹੈ। ਸਰੀਰ ਅਰੋਗ ਤਾਂ ਮਨ ਅਰੋਗ, ਮਨ ਅਰੋਗ ਤਾਂ ਵਿਚਾਰਧਾਰਾ ਅਰੋਗ।

ਸਿਮਰਨ ਕਰਨ ਨਾਲ ਮਨੁੱਖੀ ਸੁਭਾਅ ਵਿੱਚ ਤਬਦੀਲੀ ਆਉਂਦੀ ਹੈ, ਡਰ, ਭੈ, ਤੇ ਤ੍ਰਿਸ਼ਨਾ ਮੁੱਕਦੀ ਹੈ, ਗਿਆਨ ਵੱਧਦਾ ਹੈ, ਬੁੱਧੀ ਵਿੱਚ ਪ੍ਰਕਾਸ਼ ਹੁੰਦਾ ਹੈ, ਵਿਅਕਤੀ ਆਪਣੇ ਆਪ ਨੂੰ ਬੇ-ਮੁਹਤਾਜ ਸਮਝਣ ਲੱਗ ਪੈਂਦਾ ਹੈ, ਉਹ ਦੂਸਰੇ ਦਾ ਭਲਾ ਕਰਨ ਵਾਲਾ ਪਰਉਪਕਾਰੀ ਬਣ ਜਾਂਦਾ ਹੈ, ਜਿਵੇਂ ਕਿ ਪਹਿਲੀ ਅਸ਼ਟਪਦੀ ਵਿੱਚ ਦੱਸਿਆ ਗਿਆ ਹੈ।

ਸਿਮਰਨ ਨਾਲ ਮਨੁੱਖ ਦਾ ਸਦਾਚਾਰ ਉੱਚਾ ਹੁੰਦਾ ਹੈ। ਜਦੋਂ ਮਾਨਸਿਕ ਦਸ਼ਾ ਤੋਂ ਸੁਭਾ ਬਦਲ ਜਾਏ ਤਾਂ ਸਦਾਚਾਰ ਆਪੇ ਆ ਜਾਂਦਾ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ :

1. ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ।।
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ।।
2. ਪ੍ਰਭ ਕੈ ਸਿਮਰਨਿ ਜਪ ਤਪ ਪੂਜਾ।।
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ।।
3. ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।।
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ।।
4. ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ।।
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ।।
5. ਪ੍ਰਭ ਕੈ ਸਿਮਰਨਿ ਕਾਰਜ ਪੂਰੇ।।
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ।।

(ਅਸ਼ਟਪਦੀ ੧)

ਜਦੋਂ ਮਨੁੱਖ ਵਿੱਚੋਂ ਦੂਜਾ ਭਾਉ ਨਿਕਲ ਜਾਏ, ਮਨ ਦੀ ਮੈਲ ਧੁਲ ਜਾਏ, ਮਨ ਤੇ ਜਿੱਤ ਪ੍ਰਾਪਤ ਕਰ ਲਏ, ਉਸ ਦੀ ਰਹਿਣੀ-ਬਹਿਣੀ-ਕਹਿਣੀ ਨਿਰਮਲ ਹੋ ਜਾਵੇ, ਫੇਰ ਉਸ ਦੇ ਸਭ ਕਾਰਜ ਸੁਤੇ-ਸਿੱਧ ਪੂਰੇ ਹੁੰਦੇ ਹਨ, ਉਹ ਮਨ ਵਿੱਚ ਝੂਰਦਾ ਨਹੀਂ, ਸਦਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। "ਚੜ੍ਹਦੀ ਕਲਾ ਵਿੱਚ ਰਹਿਣਾ" ਹੀ "ਸਦਾਚਾਰ" ਹੈ।

ਸਿਮਰਨ ਕਰਨ ਵਾਲਾ ਮਨੁੱਖ ਸਰੀਰਕ ਕੈਦ ਵਿੱਚ ਹੁੰਦਾ ਹੋਇਆ ਵੀ ਸਮੇਂ, ਸਥਾਨ ਅਤੇ ਕਾਲ ਦੀ ਕੈਦ ਤੋਂ ਮੁਕਤ ਹੋ ਜਾਂਦਾ ਹੈ ਤੇ ਉਹ ਅਜਿਹੇ ਕਾਰਜ ਕਾਰਨ ਯੋਗ ਹੋ ਜਾਂਦਾ ਹੈ, ਜਿਸ ਨੂੰ ਸਾਧਾਰਨ ਤੌਰ ਤੇ ਕਰਾਮਾਤਾਂ ਕਿਹਾ ਜਾਂਦਾ ਹੈ। ਸੀਸ ਤਲੀ ਤੇ ਰੱਖ ਕੇ ਲੜਨਾ, ਬੰਦ ਬੰਦ ਕਟਵਾ ਲੈਣਾ, ਆਰੇ ਨਾਲ ਚੀਰਿਆ ਜਾਣਾ ਪਰ ਸੀ ਨਾ ਕਰਨੀ, ਦੁਸ਼ਮਣ ਦੀਆਂ ਸਫਾਂ ਵਿੱਚ ਵੀ ਬੇਖੌਫ ਪਾਣੀ ਦੀ ਮਸ਼ਕ ਤੇ ਮਲ੍ਹਮ ਦੀ ਡੱਬੀ ਲਈ ਫਿਰਨਾ ਕੀ ਕਰਾਮਾਤਾਂ ਤੋਂ ਘੱਟ ਕਾਰਨਾਮੇ ਹਨ ? ਇਸੇ ਲਈ ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੰਜ ਪਾਤਸ਼ਾਹ ਨੇ ਫੁਰਮਾਇਆ :

ਪ੍ਰਭੂ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ।।
ਪ੍ਰਭੂ ਕੈ ਸਿਮਰਨਿ ਗਿਆਨੁ ਧਿਆਨ ਤਤੁ ਬੁਧਿ।।
ਪ੍ਰਭੂ ਕੈ ਸਿਮਰਿਨ ਤ੍ਰਿਸਨਾ ਬੁਝੈ।।
ਪ੍ਰਭੂ ਕੈ ਸਿਮਰਨਿ ਸਭੁ ਕਿਛੁ ਸੁਝੈ।।

(ਅਸ਼ਟਪਦੀ ੧)

ਨਾਮ-ਸਿਮਰਨਿ ਮਨੁੱਖ ਦੀ ਸਹਾਇਤਾ ਕਰਦਾ ਹੈ। ਇਹ ਉਥੇ ਸਹਾਇਤਾ ਕਰਦਾ ਹੈ ਜਿਥੇ ਧੰਨ ਦੌਲਤ , ਮਾਤਾ-ਪਿਤਾ , ਸੰਗੀ-ਸਾਥੀ ਵੀ ਸਹਾਇਤਾ ਨਹੀਂ ਕਰ ਸਕਦੇ। ਮਨੁੱਖ ਅੰਦਰ ਜਦੋਂ ਨੈਤਿਕ ਪਤਨ ਆਉਂਦਾ ਹੈ ਤਾਂ ਉਸ ਨੂੰ ਕੇਵਲ ਬਾਣੀ ਅਥਵਾ ਨਾਮ ਹੀ ਡਿੱਗਣ ਤੋ ਬਚਾਉਂਦਾ ਹੈ ਮੌਤ ਦਾ ਭੈਅ ਐਸਾ ਭੈਅ ਹੈ, ਜਿਸ ਤੋਂ ਮਨੁੱਖ ਸਦਾ ਡਰਿਆ ਤੇ ਸਹਿਮਿਆ ਰਹਿੰਦਾ ਹੈ। ਪਰ ਕੇਵਲ ਨਾਮ-ਜਪਣ ਵਾਲੇ ਲੋਕ ਹੀ ਭੈ-ਮੁਕਤ ਹੁੰਦੇ ਹਨ ਤੇ ਹੱਸ ਹੱਸ ਬੰਦ



www.AKJ.Org

ਬੰਦ ਕਟਵਾ ਲੈਂਦੇ ਹਨ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿੱਚ ਪਵਾ ਲੈਂਦੇ ਹਨ , ਰੰਬੀਆਂ ਨਾਲ ਖੋਪਰੀਆਂ ਉਤਰਵਾ ਲੈਂਦੇ ਹਨ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦਾ ਕਥਨ ਹੈ- -

ਜਹ ਮਾਤਾ ਪਿਤਾ ਸੁਤ ਮੀਤ ਨ ਭਾਈ।।
ਮਨ ਊਹਾ ਨਾਮੁ ਤੇਰੈ ਸੰਗ ਸਹਾਈ ।।
ਜਹ ਮਹਾ ਭਇਆਨ ਦੂਤ ਜਮ ਦਲੈ।।
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ।।
ਜਹ ਮੁਸਕਲ ਹੋਵੈ ਅਤਿ ਭਾਰੀ।।
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।
ਅਨਿਕ ਪੁਨਹਚਰਨ ਕਰਤ ਨਹੀ ਤਰੈ।।
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ।।

(ਪੰਨਾ੨੬੪)

ਸਰੀਰਕ ਦੁੱਖ ਹੋਵੇ ਤਾਂ ਕੇਵਲ ਮਾਨਸਿਕ ਬਲ ਹੀ ਸਹਾਇਤਾ ਕਰਦਾ ਹੈ। ਮਾਨਸਿਕ ਬਲ ਨਾਮ ਜਪਣ ਨਾਲ ਹੀ ਪੈਦਾ ਹੁੰਦੇ ਹਨ। ਲੋਭੁ ਲਾਲਚੁ ਕਾਮਾਦਿਕ ਤੇ ਵੀ ਕੇਵਲ ਨਾਮ ਜਪਣ ਨਾਲ ਹੀ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਸਦਾਚਾਰਕ ਮਾਨਸਿਕ ਤੇ ਆਤਮਿਕ ਉੱਨਤੀ ਮਾਤਾ-ਪਿਤਾ ਆਦਿ ਨਾਲ ਪ੍ਰਾਪਤ ਨਹੀਂ ਹੁੰਦੀ ਸਗੋਂ ਇਹ ਸ਼ਕਤੀ ਨਾਮ ਨਾਲ ਉਪਜਦੀ ਹੈ। ਇਹ ਸ਼ਕਤੀ ਦੀ ਪ੍ਰਾਪਤੀ ਲਈ ਸਾਧਨ ਕੇਵਲ ਨਾਮ ਹੀ ਹੈ।

ਮਨੁੱਖ ਨੂੰ ਵਾਹਿਗੁਰੂ ਵਲੋ ਮਨੁੱਖੀ ਸਰੀਰ ਇਕ ਅਮੋਲਕ ਦਾਤ ਬਖਸ਼ੀ ਗਈ ਹੈ, ਜਿਸ ਵਿਚ ਕੰਨ, ਨੱਕ, ਅੱਖਾਂ, ਹੱਥ-ਪੈਰ ਰਸਨਾ ਆਦਿ ਅੰਗ ਬਖਸ਼ ਕੇ ਇੰਨ੍ਹਾਂ ਦੀ ਸੁਚੱਜੀ ਵਰਤੋਂ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ, ਪਰ ਜੇ ਮਨੁੱਖ ਆਪਣੇ ਸਰੀਰ ਅਥਵਾ ਸਰੀਰਕ ਅੰਗਾਂ ਦੀ ਥਾਂ ਹਾਨੀ ਉਠਾਂਦਾ ਹੈ ਤਾਂ ਕਸੂਰ ਮਨੁੱਖ ਦਾ ਆਪਣਾ ਹੈ, ਅਕਾਲ ਪੁਰਖ ਦਾ ਨਹੀਂ। ਕੰਨ ਹਰਿ ਜਸ ਸੁਣਨ ਲਈ ਬਖਸ਼ੇ ਗਏ ਹਨ, ਜੇਕਰ ਇਨ੍ਹਾਂ ਨਾਲ ਪਰਾਈ ਨਿੰਦਾ ਸੁਣਦੇ ਹਾਂ, ਪਰਾਏ ਧੰਨ ਨਾਲ ਚੋਰੀ ਕਰਦੇ ਹਾਂ, ਪਰਾਈ ਇਸਤਰੀ ਦੇ ਰੂਪ ਨੂੰ ਲੁਭਾਇਮਾਨ ਹੋ ਕੇ ਵੇਖਦੇ ਹਾਂ, ਰਸਨਾ ਨਾਲ ਉਹ ਭੋਜਨ ਖਾਂਦੇ ਹਾਂ ਜਿਨ੍ਹਾਂ ਦੇ ਖਾਧਿਆਂ ਮਨ ਵਿਚ ਵਿਕਾਰ ਉਪਜਦੇ ਹਨ ਪਰ ਪਰਾਏ ਧਨ ਦੀ ਪ੍ਰਾਪਤੀ ਦੇ ਸਾਧਨ ਸੋਚਦੇ ਹਾਂ, ਨੱਕ ਰਹੀਂ ਵਿਕਾਰਾਂ-ਭਰੀ ਵਾਸ਼ਨਾ ਸੁੰਘਦੇ ਹਾਂ, ਤਨ ਦੁਆਰਾ ਪਰਉਪਕਾਰ ਨਹੀਂ ਕਰਦੇ ਤਾਂ ਇਹ ਸਾਡੀ ਭੁੱਲ ਹੈ ਅਸੀਂ ਮਿਥਿਆ ਸੰਸਾਰ ਵਿਚ ਰਹੇ ਹਾਂ। ਗੁਰੂ ਸਾਹਿਬ ਨੇ ਫੁਰਮਾਇਆ ਹੈ-

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ।।
ਮਿਥਿਆ ਹਸਤ ਪਰ ਦਰਬ ਕਉ ਹਿਰਹਿ ।।
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ।।
ਮਿਥਿਆ ਰਸਨਾ ਭੋਜਨ ਅਨ ਸ੍ਵਾਦ ।।
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ।।
ਮਿਥਿਆ ਮਨ ਪਰ ਲੋਭ ਲੁਭਾਵਹਿ ।।
ਮਿਥਿਆ ਤਨ ਨਹੀਂ ਪਰਉਪਕਾਰਾ ।।
ਮਿਥਿਆ ਬਾਸੁ ਲੇਤ ਬਿਕਾਰਾ ।।
ਬਿਨੁ ਬੂਝੇ ਮਿਥਿਆ ਸਭ ਭਏ ।।
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ।।੫।।

(ਪੰਨਾ ੨੬੮-੬੯)

ਇਸ ਦਾ ਭਾਵ ਹੈ ਕਿ ਮਨੁੱਖ ਬਿਨਾਂ ਸਮਝੇ-ਬੁੱਝੇ ਮਿਥਿਆ ਵਸਤੂਆਂ ਦੇ ਮਗਰ ਤੁਰਿਆ ਫਿਰਦਾ ਹੈ ਜਦੋਂ ਕਿ ਸਫਲ ਜੀਵਨ ਦੀ ਕੁੰਜੀ 'ਹਰੀ ਦਾ ਨਾਮ' ਹੈ। ਗੁਰੂ ਅਰਜਨ ਦੇਵ ਨੇ ਤੱਤ ਕੱਢਿਆ ਹੈ-

ਬਿਨ ਬੂਝੇ ਮਿਥਿਆ ਸਭ ਭਏ ।।
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ।।

ਕਈ ਲੋਕਾਂ ਦੀ ਸੋਚ ਹੈ ਕਿ ਸਾਨੂੰ ਸਦਾਚਾਰ ਪ੍ਰਾਪਤ ਹੋ ਗਿਆ, ਆਤਮਕ-ਉਚੇਰੀ ਅਵਸਥਾ ਪ੍ਰਾਪਤ ਹੋ ਗਈ, ਹੁਣ ਸਿਮਰਨ ਦੀ ਕੀ ਲੋੜ ਇਸ ਗੱਲ ਦੀ ਹੈ ਕਿ ਜਿਤਨੀਆਂ ਵੱਡੀਆਂ ਦਾਤਾਂ ਦੀ ਪ੍ਰਾਪਤੀ ਹੋਵੇ, ਉਤਨਾ ਹੀ ਜ਼ਿਆਦਾ ਸ਼ੁਕਰਾਨਾ ਕੀਤਾ ਜਾਵੇ ਤੇ ਪਹਿਲਾਂ ਤੋਂ ਵੱਧ ਸਿਮਰਨ ਕੀਤਾ ਜਾਵੇ।

ਸੁਖਮਨੀ ਸਾਹਿਬ ਦਾ ਸੰਦੇਸ਼ ਹੀ ਸਿਮਰਨ ਹੈ, ਨਾਮ-ਭਗਤੀ ਹੈ। ਸੁਖਮਨੀ ਸਾਹਿਬ ਦੀ ਵੀਚਾਰ ਹੀ ਮਨੁੱਖ ਨੂੰ ਇਹ ਸੋਝੀ ਦੇ ਸਕਦੀ ਹੈ। ਅਸਲ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੀ ਗੁਰ-ਭਗਤੀ ਹੈ।

ਜਿਵੇਂ ਜਪੁਜੀ ਵਿੱਚ ਸੰਪੂਰਨਤਾ ਉੱਤੇ ਪੁੱਜੇ ਮਨੁੱਖ ਨੂੰ "ਸਚਿਆਰ" ਕਿਹਾ ਗਿਆ ਹੈ। ਜਾਪੁ ਸਾਹਿਬ ਵਿੱਚ ਸੰਪੂਰਨਤਾ ਉੱਤੇ ਪੁੱਜੇ ਮਨੁੱਖ ਦਾ ਸਰੂਪ *"ਨਮਸਕਾਰ ਕਰਨ ਵਾਲਾ"* ਮੰਨਿਆ ਗਿਆ ਹੈ।

ਸੁਧਾ ਸਵੱਯੇ ਵਿੱਚ "ਜਿਨਿ ਪ੍ਰੇਮ ਕੀਓ" ਵਾਲੇ ਮਨੁੱਖ ਨੂੰ ਹੀ ਸੰਪੂਰਨ ਮੰਨਿਆ ਗਿਆ ਹੈ, ਤਿਵੇਂ ਹੀ ਸੁਖਮਨੀ ਸਾਹਿਬ ਵਿੱਚ ਸੰਪੂਰਨਤਾ ਤੱਕ ਪੁੱਜੇ ਮਨੁੱਖ ਨੂੰ "ਭਗਤ" ਕਿਹਾ ਗਿਆ ਹੈ।

ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ--

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।
ਭਗਤ ਜਨਾ ਕੈ ਮਨਿ ਬਿਸ੍ਰਾਮ।।"

ਸੁਖਮਨੀ ਸਾਹਿਬ ਵਿਚਲਾ "ਭਗਤ" ਸਭ ਤੇ ਉੱਚਾ ਉਧਰੇ ਮੂਚਾ, ਤ੍ਰਿਸਨਾ ਬੂਝੈ, ਸਭ ਕਿਛੁ ਸੂਝੈ, ਨਾਹੀ ਜਮ ਤ੍ਰਾਸਾ, ਪੂਰਨ ਆਸਾ, ਮਨ ਕੀ ਮਲੁ ਜਾਇ, ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ਵਾਲੇ ਗੁਣ ਰੱਖਦਾ ਹੈ।



www.AKJ.Org

# ਸਦਾ ਅੰਗ ਸੰਗੇ (੨)

(ਭਾਈ ਜਸਬੀਰ ਸਿੰਘ ਖਾਲਸਾ, ਖੰਨੇ ਵਾਲੇ)

ਲੜੀ ਜੋੜਨ ਲਈ ਦੇਖੋ 'ਸੂਰਾ' ਅਪ੍ਰੈਲ, ੯੬......

ਜੇ ਦ੍ਰਿਸਟੀ ਵਾਲੇ ਅਦ੍ਰਿਸਟ ਨੂੰ ਨਹੀਂ ਵੇਖ ਸਕਦੇ ਤਾਂ ਕਿਵੇਂ ਮੰਨੀਏ ਉਸ ਦੀ ਹੋਂਦ ਨੂੰ ? ਆਓ ਵਿਚਾਰੀਏ। ਬਿਜਲੀ ਕਿਸੇ ਨੇ ਨਹੀਂ ਵੇਖੀ। ਬਿਜਲੀ ਦਿਖਾਈ ਨਹੀਂ ਦਿੰਦੀ। ਬਿਜਲੀ ਦੇ ਪ੍ਰਗਟ ਹੋਣ ਦੇ ਸਾਧਨਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਪਿਛੇ ਕੋਈ ਪਾਵਰ ਹੈ, ਕੋਈ ਤਾਕਤ ਹੈ। ਹੁਣ ਬਿਜਲੀ ਆਪ ਤਾਂ ਨਜ਼ਰ ਨਹੀਂ ਆਈ, ਦਿਖਾਈ ਨਹੀਂ ਦਿੱਤੀ, ਕੇਵਲ ਪ੍ਰਗਟ ਰੂਪ ਸਾਧਨਾਂ ਤੋਂ ਅਨੁਭਵ ਹੋ ਗਿਆ ਹੈ ਕਿ ਇਸ ਦੇ ਮਗਰ ਕੋਈ ਤਾਕਤ ਹੈ, ਕੋਈ ਸਮਰੱਥਾ ਹੈ।

ਵਿਗਿਆਨ ਵਾਲੇ ਗਰੈਵਿਟੀ ਨੂੰ ਵਸਤਾਂ ਵਿੱਚ ਖਿੱਚ ਦਾ ਕਾਰਨ ਮੰਨਦੇ ਹਨ ਪਰ ਕੋਈ ਦੱਸੇ ਕਿਸੇ ਗਰੈਵਿਟੀ ਦੇਖੀ ਹੈ ? ਤੇ ਜੇ ਵੇਖੀ ਨਹੀਂ ਤਾਂ ਵਿਗਿਆਨ ਨੇ ਕਿਵੇਂ ਮੰਨ ਲਿਆ ਹੈ ?

ਹਵਾ ਕਿਸੇ ਤੱਕੀ ਹੈ ? ਨਹੀਂ, ਕੇਵਲ ਅਨੁਭਵ ਕੀਤੀ ਹੈ। ਹਵਾ ਬੰਦ ਹੋ ਜਾਏ ਤਾਂ ਸਾਹ ਘੁੱਟਦਾ ਹੈ, ਮਨੁੱਖ ਤੜਫਦਾ ਹੈ, ਸਾਹ ਨਹੀਂ ਆਉਂਦਾ। ਪਰ ਹਵਾ ਕਿਸੇ ਵੇਖੀ ਨਹੀਂ।

ਸਾਇੰਸ ਨੇ ਇਤਨੀ ਤਰੱਕੀ ਕੀਤੀ ਹੈ ਕਿ ਹੁਣ ਡਾਕਟਰ ਲੋਕ ਮਸ਼ੀਨਾਂ ਦੁਆਰਾ ਮਨੁੱਖ ਦੇ ਸਰੀਰ ਦਾ ਜੱਰਾ ਜੱਰਾ ਵੇਖ ਲੈਂਦੇ ਹਨ, ਪਰ ਕੋਈ ਦੱਸੇ ਕੀ ਕਿਸੇ ਨੇ ਸਰੀਰ ਚੋਂ ਆਤਮਾ ਵੇਖੀ ਹੈ ? ਕੋਈ ਐਸਾ ਯੰਤਰ ਨਹੀਂ ਬਣ ਸਕਿਆ ਜੋ ਆਤਮਾ ਵੇਖ ਲਵੇ।

ਅਸੀਂ ਸਭ ਨੇ ਫੁੱਲ ਵੇਖੇ ਹਨ, ਫੁੱਲਾਂ ਦੀ ਸੁਗੰਧੀ ਵੀ ਸੁੰਘੀ ਹੈ। ਫੁੱਲਾਂ ਨੂੰ ਤੁਸੀਂ ਤੋਲ ਭੀ ਲਵੋਂਗੇ, ਗਿਣਤੀ ਵੀ ਕਰ ਲਵੋਂਗੇ, ਮਿਣਤੀ ਭੀ ਕਰ ਲਵੋਗੇ ਪਰ ਕੋਈ ਦੱਸੇ ਕਿ ਜਿਹੜੀ ਸੁਗੰਧੀ ਤੁਸੀਂ ਇਨ੍ਹਾਂ ਫੁੱਲਾਂ ਚੋਂ ਮਾਣਦੇ ਹੋ, ਕੀ ਉਹ ਸੁਗੰਧੀ ਤੁਸੀਂ ਵੇਖੀ ਹੈ ? ਕੀ ਕੋਈ ਉਸ ਸੁਗੰਧੀ ਨੂੰ ਤੋਲ ਸਕਦਾ ਹੈ, ਮਾਪ ਸਕਦਾ ਹੈ, ਗਿਣ ਸਕਦਾ ਹੈ ? ਨਹੀਂ ਨਹੀਂ। ਇਹ ਤਾਂ ਕੇਵਲ ਅਨੁਭਵ ਕੀਤੀ ਜਾ ਸਕਦੀ ਹੈ ਤੇ ਅਨੁਭਵਤਾ ਨੂੰ ਮਾਨਣਾ ਕਹਿੰਦੇ ਹਨ। ਮਨੁੱਖ ਸੁਗੰਧੀ ਮਾਣਦਾ ਹੈ।

ਲੋੜ ਪੈਣ ਤੇ ਜੀਵ ਸੌਂ ਗਿਆ ਪਰ ਕੋਈ ਦੱਸੇ ਨੀਂਦ ਕਦੇ ਕਿਸੇ ਤੱਕੀ ਹੈ। ਸੌਂ ਕੇ ਉਠਿਆ ਫੇਰ ਕਿਸੇ ਕਿਹਾ ਹੁਣ ਦੁਬਾਰਾ ਸੌਂ ਜਾ। ਹੁਣ ਕਹਿੰਦਾ ਹੈ ਬੱਸ ਸੌਂ ਲਿਆ। ਹੁਣ ਨੀਂਦ ਨਹੀਂ ਆਈ। ਦੱਸੋ ਇਹ ਜਿਹੜੀ ਪਹਿਲਾਂ ਚਾਹੀਦੀ ਸੀ ਤੇ ਹੁਣ ਨਹੀਂ ਚਾਹੀਦੀ, ਕਿਸੇ ਐਸੀ ਨੀਂਦ ਨੂੰ ਵੇਖਿਆ ਹੈ ? ਪਿਆਸ ਲੱਗੀ ਤੇ ਪਾਣੀ ਪੀ ਕੇ ਤ੍ਰਿਪਤ ਹੋ ਗਿਆ, ਪਰ ਕੋਈ ਦੱਸੇ ਕਿਸੇ ਪਿਆਸ ਵੇਖੀ ਹੈ ?

ਭੁੱਖ ਲੱਗੀ, ਜੀਵ ਨੇ ਰੋਟੀ ਖਾ ਲਈ, ਕਹਿੰਦਾ ਹੈ ਹੁਣ ਮੈਂ ਰੱਜ ਗਿਆ ਹਾਂ ਪਰ ਕੋਈ ਦੱਸੇ ਕਿ ਕੀ ਉਸ ਨੇ ਭੁੱਖ ਵੇਖੀ ਹੈ ? ਪੀੜ ਕਦੇ ਕਿਸੇ ਵੇਖੀ ਨਹੀਂ, ਇਲਾਜ ਹੋ ਗਿਆ, ਕਹਿੰਦਾ ਹੈ ਹੁਣ ਪੀੜਾ ਨਹੀਂ। ਖੁਸ਼ੀ ਤੇ ਗਮੀ ਕੀ ਕਦੇ ਕਿਸੇ ਵੇਖੀ ਹੈ ? ਪਰ ਜੀਵ ਕਦੇ ਵੀ ਇਨ੍ਹਾਂ ਦੇ ਪ੍ਰਭਾਵ ਤੋਂ ਬੱਚ ਨਹੀਂ ਸਕਿਆ।

ਕੀ ਸ਼ੀਸ਼ੇ ਤੋਂ ਬਗੈਰ ਕਿਸੇ ਨੇ ਆਪਣੀਆਂ ਅੱਖਾਂ ਨੂੰ ਵੇਖਿਆ ਹੈ ? ਇਹ ਅੱਖਾਂ ਸਰੀਰ ਦੇ ਕਿੰਨੇ ਨੇੜੇ ਹਨ ? ਦੂਰ ਵੀ ਨਹੀਂ। ਇਹ ਦੂਰ ਦੁਰਾਡੇ ਪਈਆਂ ਵਸਤੂਆ ਤਾਂ ਵੇਖ ਲੈਂਦੀਆਂ ਹਨ ਪਰ ਕਮਾਲ ਹੈ ਆਪਣੀਆਂ ਹੀ ਅੱਖਾਂ ਵਿੱਚ ਪਿਆ ਸੁਰਮਾ ਨਹੀਂ ਵੇਖ ਸਕਦੀਆਂ। ਪਰ ਦੱਸੋ ਇਨ੍ਹਾਂ ਅੱਖਾਂ ਅੰਦਰ ਜੋ ਜੋਤ ਹੈ, ਉਹ ਕਿਸੇ ਵੇਖੀ ਹੈ ? ਤੁਸੀਂ ਸ਼ੀਸ਼ੇ ਕਾਰਨ ਅੱਖਾਂ ਹੀ ਵੇਖ ਲਈਆਂ ਹੋਣਗੀਆਂ ਪਰ ਕੋਈ ਦੱਸੇ ਇਨ੍ਹਾਂ ਵਿਚਲੀ ਜੋਤ ਕਿਸੇ ਨੇ ਵੇਖੀ ਹੈ ? ਬੜੇ ਬੜੇ ਸੁੰਦਰ ਨੈਣ ਹੁੰਦੇ ਹਨ, ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਹੈ, ਬੜੀਆਂ ਮਿਰਗ ਨੈਣੀ ਅੱਖਾਂ ਹੁੰਦੀਆਂ ਹਨ ਪਰ ਅੰਦਰ ਵੇਖਣ ਵਾਲਾ ਨਹੀਂ।

ਹੋਰ ਕੀ ਸਬੂਤ ਦੇਈਏ ਉਸ ਪਰਮੇਸ਼ਵਰ ਦੀ ਹੋਂਦ ਦਾ। ਕੀ ਜਿਨ੍ਹਾਂ ਵਸਤੂਆਂ ਨੂੰ ਅਸੀਂ ਵੇਖ ਨਹੀਂ ਸਕਦੇ, ਕੀ ਉਨ੍ਹਾਂ ਦੀ ਹੋਂਦ ਤੋਂ ਮੁਨਕਰ ਹੋ ਸਕਦੇ ਹਾਂ ?

ਇੱਕ ਗੱਲ ਹੋਰ ਮਨੁੱਖ ਨੂੰ ਭਰਮ ਹੈ, ਭੁਲੇਖਾ ਹੈ ਕਿ ਉਹ ਅੱਖਾਂ ਨਾਲ ਵੇਖਦਾ ਹੈ। ਸੱਚ ਤਾਂ ਇਹ ਹੈ ਕਿ ਮਨੁੱਖ ਅੱਖਾਂ ਨਾਲ ਨਹੀਂ ਵੇਖਦਾ, ਉਹ ਅੱਖਾਂ ਰਾਹੀਂ ਵੇਖਦਾ ਹੈ। ਉਹ ਕੰਨਾਂ ਨਾਲ ਨਹੀਂ ਸੁਣਦਾ, ਉਹ ਕੰਨਾਂ ਰਾਹੀਂ ਸੁਣਦਾ ਹੈ। ਮਨੁੱਖ ਜੀਭ ਨਾਲ ਨਹੀਂ ਬੋਲਦਾ, ਜੀਭ ਦੁਆਰਾ ਬੋਲਦਾ ਹੈ। ਭੋਲਿਉ ਇਹ ਬੋਲਣ ਵਾਲਾ, ਸੁਣਨ ਵਾਲਾ, ਵੇਖਣ ਵਾਲਾ ਆਪ ਅੰਦਰ ਬੈਠਾ ਹੈ। ਤੱਕੋ ਕੀ ਕਦੇ ਜੇ ਬੇਸੁਰਤ ਬੰਦੇ ਦੀਆਂ ਅੱਖਾਂ ਖੁੱਲੀਆਂ ਹੋਣ ਤਾਂ ਉਹ ਵੇਖ ਸਕਦਾ ਹੈ ? ਕੀ ਬੇਹੋਸ਼ ਬੰਦਾ ਬੋਲ ਸਕਦਾ ਹੈ ? ਕੀ ਬੇਸੁਰਤ ਕਦੀ ਸੁਣ ਸਕਦਾ ਹੈ ? ਜਿਸ ਮਨੁੱਖ ਦੀ ਸੁਰਤ ਸੌਂ ਗਈ ਉਹ ਅੱਖਾਂ ਹੁੰਦਿਆਂ ਹੋਇਆ ਵੀ ਨਹੀਂ ਵੇਖ ਸਕਦਾ, ਰਸਨਾ ਹੁੰਦਿਆਂ ਹੋਇਆ ਵੀ ਨਹੀਂ ਬੋਲ ਸਕਦਾ, ਕੰਨ ਹੁੰਦਿਆਂ ਹੋਇਆ ਵੀ ਨਹੀਂ ਸੁਣ ਸਕਦਾ, ਸੁੰਘ ਨਹੀਂ



www.AKJ.Org

ਸਕਦਾ। ਇਸਦਾ ਮਤਲਬ ਇਹ ਹੋਇਆ ਕਿ ਸੁਰਤ ਜਾਗਦੀ ਹੈ ਜਦੋਂ ਸੁਰਤ ਜਗਾਉਣ ਵਾਲਾ ਇਸਦੇ ਅੰਦਰ ਬੈਠਾ ਹੋਵੇ। ਉਸ ਦੀ ਹੋਂਦ ਕਾਰਨ ਹੀ-

ਜਿਨਿ ਕੀਤਾ ਮੂੜ ਤੇ ਬਕਤਾ।।
ਜਿਨਿ ਕੀਤਾ ਬੇਸੁਰਤ ਤੇ ਸੁਰਤਾ।।
(ਪੰਨਾ ੧੭੭)

ਇਹ ਹੋਂਦ ਜਦੋਂ ਅਨੁਭਵ ਹੋ ਜਾਵੇ ਤਾਂ ਇਹ ਨਹੀਂ ਕਹਿੰਦਾ ਕਿ ਮੈਂ ਅੱਖਾਂ ਦੁਆਰਾ ਵੇਖ ਰਿਹਾ ਹਾਂ। ਹੁਣ ਤਾਂ ਕਹਿੰਦਾ ਹੈ ਕਿ ਦਾਤਾ ਮੈਂ ਨਹੀਂ ਵੇਖ ਰਿਹਾ, ਮੇਰੀਆਂ ਅੱਖਾਂ ਵਿੱਚ ਤੂੰ ਵੇਖ ਰਿਹਾ ਹੈਂ। ਹੁਣ ਕੰਨਾਂ ਰਾਹੀਂ ਤੂੰ ਸੁਣ ਰਿਹਾ ਹੈਂ, ਹੁਣ ਨੱਕ ਰਾਹੀਂ ਤੂੰ ਸੁੰਘ ਰਿਹਾ ਹੈ, ਰਸਨਾ ਰਾਹੀਂ ਤੂੰ ਬੋਲ ਰਿਹਾ ਹੈਂ। ਇਹ ਅਨੁਭਵਤਾ ਦੀ ਖੇਡ ਹੈ।

ਫੁੱਲ ਤੇ ਖੁਸ਼ਬੋ ਦਾ ਸੰਬੰਧ ਹੈ। ਸੁਗੰਧੀ ਲਈ ਫੁੱਲ ਦੇ ਕੋਲ, ਫੁੱਲਾਂ ਦੇ ਨਜ਼ਦੀਕ ਜਾਣਾ ਹੀ ਪੈਂਦਾ ਹੈ। ਸ਼ਾਇਦ ਪਰਮਾਤਮਾ ਨੇ ਸੁਗੰਧੀ ਪ੍ਰਗਟਾਉਣ ਲਈ ਹੀ ਫੁੱਲ ਸਾਜਿਆ ਸੀ। ਉਸ ਦੀ ਜਿਸ ਦੇ ਅੰਦਰ ਮੈਂ ਆਪਣੇ ਆਪ ਨੂੰ ਸਮਾਉਣਾ ਹੈ, ਨੇੜਤਾ ਚਾਹੀਦੀ ਹੈ। ਨੇੜਤਾ ਦਾ ਭਾਵ ਆਪਣੇ ਆਪ ਨੂੰ ਉਸ ਦਾ ਅੰਗ ਬਨਾਉਣਾ ਹੈ। ਅੰਗ ਹੋਣ ਦੇ ਨਾਤੇ ਇਹ ਅਨੁਭਵ ਕਰਨਾ ਹੈ ਕਿ ਉਹ ਮੇਰੇ ਸੰਗ ਹੈ। ਜਿਵੇਂ ਸੁਗੰਧੀ ਦਾ ਅਨੁਭਵ ਫੁੱਲ ਤੋਂ ਹੁੰਦਾ ਹੈ ਤਿਵੇਂ ਪਰਮਾਤਮਾ ਦਾ ਅਨੁਭਵ ਉਸ ਦੀ ਰਚਨਾ ਤੋਂ ਹੁੰਦਾ ਹੈ।

ਕਰਤੇ ਸੰਸਾਰ ਵਿੱਚ ਭੀ ਕਈ ਹਨ। ਸੰਸਾਰਕ ਵਸਤੂਆਂ ਦੇ ਬਨਾਉਣ ਵਾਲੇ ਨੂੰ ਵੀ ਕਰਤਾ ਕਹਿੰਦੇ ਹਨ ਤੇ ਇਸ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਨੂੰ ਭੀ ਕਰਤਾ। ਹੈਨ ਦੋਵੇਂ ਕਰਤਾ ਪਰ ਇਨ੍ਹਾਂ ਦੋਹਾਂ ਕਰਤਿਆਂ ਵਿੱਚ ਇੱਕ ਅੰਤਰ ਹੈ। ਜਿਵੇਂ ਘੜੀ ਬਨਾਉਣ ਵਾਲੇ ਨੂੰ ਘੜੀ ਦਾ ਕਰਤਾ ਤਾਂ ਕਹਿ ਸਕਦੇ ਹਾਂ ਪਰ ਕਰਤਾ ਪੁਰਖ ਨਹੀਂ। ਪੁਰਖ ਦਾ ਭਾਵ ਰਚਨਾ ਵਿੱਚ ਮੌਜੂਦ ਤੇ ਸਰਬ ਵਿਆਪਕ ਹੈ।

ਮਕਾਨ ਬਨਾਉਣ ਵਾਲੇ ਮਿਸਤਰੀ ਕਿੰਨੇ ਹੀ ਮਕਾਨ ਬਨਾਉਂਦੇ ਹਨ ਪਰ ਸਭ ਵਿੱਚ ਵਸਦੇ ਨਹੀਂ। ਕਰਤਾ ਪੁਰਖ ਨੇ ਜਿਤਨੇ ਭੀ ਸਰੀਰ ਬਣਾਏ, ਜਿਤਨੀ ਰਚਨਾ ਕੀਤੀ, ਉਹ ਸਾਰੀ ਰਚਨਾ ਵਿੱਚ, ਉਹੀ ਸਾਰੇ ਸਰੀਰਾਂ ਵਿੱਚ ਆਪ ਵੱਸ ਰਿਹਾ ਹੈ। ਤਾਂ ਹੀ ਤਾਂ ਉਹ "ਕਰਤਾ ਪੁਰਖ" ਹੈ, ਸਰਬ ਵਿਆਪਕ ਹੈ। ਜੇ ਕਰਤਾ ਪੁਰਖ ਸਾਰੀ ਕੁਦਰਤ ਵਿੱਚ ਹੈ, ਆਪਣੀ ਬਣਾਈ ਹਰ ਸ਼ੈ ਵਿੱਚ ਹੈ ਤਾਂ ਸੱਚ ਇਹ ਹੈ ਕਿ ਉਹ ਸਾਡੇ ਵਿੱਚ ਭੀ ਹੈ, ਤਾਂ ਗੱਲ ਪੱਕੀ ਹੈ ਕਿ ਜਦੋਂ ਅਸੀਂ ਉਸ ਦਾ ਅੰਗ ਹਾਂ ਤਾਂ ਉਹ ਸਾਡੇ ਸੰਗ ਹੈ। ਜੇ ਸੰਗ ਹੈ ਤਾਂ ਜੁਦਾ ਹੋਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਕਾਦਰ ਨੇ ਕੁਦਰਤ ਆਪਣੇ ਹੁਕਮ ਵਿੱਚ ਸਾਜੀ ਹੈ ਜਿਸ ਦਾ ਕਿ ਅਸੀਂ ਹਿੱਸਾ ਹਾਂ ਤੇ ਅਸੀਂ ਵੀ ਉਸ ਦੇ ਹੁਕਮ ਵਿੱਚ ਹੀ ਆਏ ਹਾਂ। ਜੇ ਇਸ ਹੁਕਮ ਦੀ ਪਹਿਚਾਣ ਰਹੇ, ਹੁਕਮੋ ਬਾਹਰੇ ਨਾ ਹੋਈਏ ਤਾਂ ਇਸੇ ਹੁਕਮ ਨੇ ਹੀ, ਹੁਕਮ ਦੀ ਪਹਿਚਾਣ ਨੇ ਹੀ, ਹੁਕਮ ਦੇ ਅਨੁਭਵ ਨੇ ਹੀ, ਹੁਕਮੀ ਵਿੱਚ ਸਮਾ ਦੇਣਾ ਹੈ।

ਪ੍ਰਭੂ ਨੇ ਆਪਣੀ ਮਰਜ਼ੀ ਨਾਲ ਕੁਦਰਤ ਸਾਜੀ ਹੈ ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ ਕਿ ਕਿਉਂ ਸਾਜੀ। ਕਦੋਂ ਸਾਜੀ ਤੇ ਕਿਵੇਂ ਸਾਜੀ ? ਇਹ ਤਾਂ ਸਭ ਉਸਦਾ ਹੁਕਮ ਹੈ। ਰਚਨਾ ਹੋਈ ਹੀ ਰਚਨਹਾਰ ਦੇ ਹੁਕਮ ਵਿੱਚ ਹੈ ਤੇ ਉਸ ਦਾ ਹੁਕਮ ਉਸ ਦੀ "ਮਰਜ਼ੀ" ਹੈ ਤੇ ਮਰਜ਼ੀ ਵੀ ਐਸੀ ਜਿਸ ਨੂੰ ਪੂਰਨ ਕਰਾਉਣ ਦੀ ਸਮਰੱਥਾ ਹੁਕਮੀ ਕੋਲ ਹੈ। ਜਿਤਨਾ ਹੁਕਮੀ ਵੱਡਾ ਹੋਵੇਗਾ ਉਤਨਾ ਹੀ ਉਸ ਦਾ ਹੁਕਮ ਵੱਡਾ ਹੋਵੇਗਾ। ਅਕਾਲ ਪੁਰਖ ਤੋਂ ਵੱਡਾ ਤਾਂ ਹੋਰ ਕੋਈ ਨਹੀਂ, ਇਸ ਲਈ ਉਸਦਾ ਹੁਕਮ ਵੀ ਵੱਡਾ ਹੈ। ਜੋ ਉਸਦਾ ਹੁਕਮ ਮੰਨਦੇ ਹਨ ਉਨ੍ਹਾਂ ਤੇ ਉਸਦੀ ਬਖਸ਼ਿਸ਼ ਵੀ ਵੱਡੀ ਹੁੰਦੀ ਹੈ। ਜਿਤਨਾ ਵੱਡਾ ਸਾਹਿਬ ਹੋਵੇਗਾ, ਸਾਹਿਬ ਦੀ ਗੱਲ ਵੀ ਉਤਨੀ ਹੀ ਵੱਡੀ ਹੋਵੇਗੀ, ਉਸ ਦੀ ਦਾਤ ਵੀ ਉਤਨੀ ਹੀ ਵੱਡੀ ਹੋਵੇਗੀ, ਉਤਨੀ ਉਸਦੀ ਸ਼ਰਨ ਵੀ ਵੱਡੀ ਹੋਵੇਗੀ ਤੇ ਸ਼ਰਨ ਆਇਆਂ ਨੂੰ ਉਸ ਦੀ ਬਖਸ਼ਿਸ਼ ਵੀ ਵੱਡੀ ਪ੍ਰਾਪਤ ਹੋਵੇਗੀ। ਐਸੀ ਬਖਸ਼ਿਸ਼ ਕਿ ਹੇ ਸਤਿਗੁਰੂ ! ਤੁਸੀਂ ਬੇਮੁੱਖਾਂ ਨੂੰ, ਮੂਰਖਾਂ ਨੂੰ, ਔਗੁਣਾਂ ਵਾਲਿਆਂ ਨੂੰ ਵੀ ਗਲ ਲਾ ਲੈਂਦੇ ਹੋ।

'ਜੇਵਡੁ ਆਪਿ ਤੇਵਡ ਤੇਰੀ ਦਾਤਿ।।' (ਪੰਨਾ ੯)

ਕੈਸੇ ਖੇਲੁ ਹੈ ਪ੍ਰਭ ਦਾ। ਕੈਸੇ ਚੋਜ ਹਨ ਪ੍ਰਭੂ ਦੇ।

ਐਸੇ ਸਾਹਿਬ ਦੀ ਕਥਾ ਕਰਨੀ ਬੜੀ ਔਖੀ ਹੈ। ਪ੍ਰਭੂ ਵੱਡਾ, ਪ੍ਰਭੂ ਦਾ ਹੁਕਮ ਵੱਡਾ, ਵੱਡੇ ਹੁਕਮ ਦੀ ਕਥਾ ਵੀ ਵੱਡੀ, ਬਿਆਨ ਨਹੀਂ ਕੀਤੀ ਜਾ ਸਕਦੀ। ਅਕੱਥ ਦੀ ਕਥਾ ਹੋ ਵੀ ਕਿਵੇਂ ਸਕਦੀ ਹੈ ?

ਪਰਮੇਸ਼ਰ ਦੀ ਰਚਨਾ ਨੇਮ ਬੱਧ ਹੈ। ਉਸਦਾ ਵਿਧਾਨ ਹੈ ਕਾਨਸਟੀਚਿਊਸ਼ਨ (Constitution) ਹੈ, ਨਿਯਮ ਹਨ। ਨਿਯਮ ਤੇ ਨੇਮ ਖੋਲਣਾ ਹੀ ਵਿਧਾਨ ਤੇ ਕਾਨਸਟੀਚਿਊਸ਼ਨ ਕਹਾਂਦਾ ਹੈ। ਜੋ ਉਸਦੇ ਨਿਯਮ ਵਿੱਚ, ਨੇਮ ਵਿੱਚ ਰਹਿੰਦੇ ਹਨ, ਜੋ ਉਸਦੇ ਹੁਕਮ ਦੀ ਪਾਲਣਾ



www.AKJ.Org

ਕਰਦੇ ਹਨ ਉਹ ਉਸ ਨੂੰ ਰੀਝਾ ਲੈਂਦੇ ਹਨ ਤੇ ਉਸ ਵਿੱਚ ਸਮਾਈ ਨੂੰ ਪ੍ਰਾਪਤ ਹੁੰਦੇ ਹਨ ਪਰ ਜੋ ਨਿਯਮ ਤੋੜ ਦਿੰਦੇ ਹਨ, ਹੁਕਮੀ ਤੋਂ ਦੂਰ ਚਲੇ ਜਾਂਦੇ ਹਨ, ਹੁਕਮੀ ਦੀ ਨਦਰ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਰਾਤਾਂ, ਰੁੱਤਾਂ, ਥਿਤਾਂ, ਵਾਰ ਸਭ ਉਸਦੇ ਹੁਕਮ ਵਿੱਚ ਹਨ, ਨੇਮ ਵਿੱਚ ਹਨ, ਕਿਸੇ ਨਿਯਮ ਵਿੱਚ ਸੂਰਜ ਚੜ੍ਹਦਾ ਹੈ, ਛੁਪਦਾ ਹੈ। ਇਸ ਨੇਮ ਵਿੱਚ ਹੈ ਸੂਰਜ, ਧਰਤੀ ਤੇ ਹੋਰ ਸਭ ਗ੍ਰਹਿ ਆਪਣੀ ਆਪਣੀ ਥਾਂ ਤੇ ਆਪਣੀ ਆਪਣੀ ਕਾਰ ਕਰ ਰਹੇ ਹਨ। ਸਭ ਕੁੱਝ ਮਰਯਾਦਾ ਵਿੱਚ ਹੈ ਪਰ ਅੱਜ ਦਾ ਮਨੁੱਖ ਪ੍ਰਭੂ ਦੀ ਖੇਡ ਨੂੰ ਸਮਝ ਨਹੀਂ ਰਿਹਾ ਤੇ ਉਸ ਲਈ ਬਣਾਈ ਗਈ ਮਰਯਾਦਾ ਦਾ ਉਲੰਘਣ ਕਰ ਰਿਹਾ ਹੈ ਤੇ ਇਸ ਦਾ ਦੰਡ ਵੀ ਭੋਗ ਰਿਹਾ ਹੈ।

ਵੇਖਣ ਵਿੱਚ ਆਇਆ ਹੈ, ਪਸ਼ੂ, ਪੰਛੀ ਤੇ ਹੋਰ ਅਨੇਕ ਜੂਨੀਆਂ ਸਭ ਮਰ੍ਯਾਦਾ ਵਿੱਚ ਹਨ। ਪਰ ਹੇ ਬੰਦੇ ! ਤੈਨੂੰ ਕੀ ਹੋ ਗਿਆ ਹੈ ? ਤੂੰ ਹੋਵੇਂ ਸਰਦਾਰ ਇਨ੍ਹਾਂ ਜੂਨੀਆਂ ਦਾ, ਹੋਵੇਂ ਰਾਜਾ ਪਰ ਪਰਜਾ ਦੀ ਸੰਭਾਲ ਨਾ ਕਰੇਂ ? ਜਿਹੜੇ ਰਾਜੇ ਆਪਣੀ ਪਰਜਾ ਦੀ ਸੇਵਾ ਕਰਦੇ ਹਨ, ਦੇਖ ਭਾਲ ਕਰਦੇ ਹਨ, ਪਰਜਾ ਉਨ੍ਹਾਂ ਨਾਲ ਹੁੰਦੀ ਹੈ। ਪਰ ਜੇ ਰਾਜਾ ਪਰਜਾ ਨੂੰ ਦੁੱਖ ਦੇਵੇ, ਪਰਜਾ ਬਗਾਵਤ ਕਰੇਗੀ ਹੀ ਕਰੇਗੀ। ਜ਼ਰਾ ਸੋਚੋ ! ਅੱਜ ਇਹ ਪਸ਼ੂ ਪੰਛੀ, ਜਾਨਵਰ ਕਿਉਂ ਸਾਡੇ ਵਿਰੋਧੀ ਹਨ ? ਇਹ ਸਾਨੂੰ ਵੱਢ ਕਿਉਂ ਖਾਣਾ ਚਾਹੁੰਦੇ ਹਨ ? ਬੰਦੇ ! ਇਨ੍ਹਾਂ ਜੂਨੀਆਂ ਦਾ ਸਰਦਾਰ ਹੋ ਕੇ ਤੈਨੂੰ ਕਰਨੀ ਤਾਂ ਚਾਹੀਦੀ ਸੀ ਇਨ੍ਹਾਂ ਦੀ ਸੇਵਾ ਪਰ ਤੂੰ ਇਨ੍ਹਾਂ ਦੀਆਂ ਗਰਦਨਾਂ ਮਰੋੜਨ ਲੱਗ ਪਿਆ। ਇਹ ਪਸ਼ੂ ਤੇਰੇ ਵੱਲ ਵੇਖ ਕੇ ਕਹਿੰਦੇ ਹਨ "*ਬੰਦੇ ਵੇਖ ! ਅਸੀਂ ਪਸ਼ੂ, ਪਸ਼ੂ ਤਾਂ ਹਾਂ ਪਰ ਬੰਦੇ ਤੈਨੂੰ ਕੀ ਹੋ ਗਿਆ ਏ ? ਤੂੰ ਬੰਦਾ ਕਿਉਂ ਨਹੀਂ ਰਿਹਾ ?*" ਕਦੀ ਕਿਸੇ ਗਾਂ ਨੂੰ ਨਹੀਂ ਕਿਹਾ, ਤੂੰ ਗਾਂ ਬਣ। ਕੂਕਰ ਨੂੰ ਨਹੀਂ ਕਿਹਾ, ਤੂੰ ਕੂਕਰ ਬਣ। ਪੰਛੀ ਨੂੰ ਨਹੀਂ ਕਿਹਾ, ਤੂੰ ਪੰਛੀ ਬਣ। ਬੰਦਿਆਂ ਤੈਨੂੰ ਸਾਰੇ ਕਿਉਂ ਕਹਿੰਦੇ ਹਨ ਕਿ ਤੂੰ ਬੰਦਾ ਬਣ ? ਇਸਦਾ ਇਕੋ ਇੱਕ ਕਾਰਨ ਇਹ ਹੈ ਕਿ ਤੂੰ ਮਰਯਾਦਾ ਤੋੜੀ ਬੈਠਾ ਹੈਂ।

ਆਓ ਅਸੀਂ ਆਪਣੇ ਮਨ ਵਿੱਚ ਝਾਤੀ ਮਾਰੀਏ ਕਿ ਕੀ ਅਸੀਂ ਪ੍ਰਭੂ ਦੇ ਹੁਕਮ ਵਿੱਚ ਹਾਂ ? ਕਿਧਰੇ ਅਸੀਂ ਵਿਧਾਨ, ਨਿਯਮ ਤੋੜੀ ਤਾਂ ਨਹੀਂ ਬੈਠੇ। ਕਮਾਲ ਹੋ ਗਈ। ਹੋਵੇ ਮਨੁੱਖ, ਉਸਦੀਆਂ ਅੱਖਾਂ ਮਨੁੱਖ ਵਰਗੀਆਂ ਹੋਣ ਪਰ ਤੱਕਣੀ ਮਨੁੱਖਾਂ ਵਰਗੀ ਨਾ ਹੋਵੇ। ਹੋਵੇ ਮਨੁੱਖ, ਉਸਦੀ ਜਬਾਨ ਮਨੁੱਖਾਂ ਵਰਗੀ ਹੋਵੇ, ਪਰ ਬੋਲੀ ਮਨੁੱਖਾਂ ਵਰਗੀ ਨਾ ਹੋਵੇ। ਹੱਥ ਬੰਦਿਆਂ ਵਰਗੇ ਹੋਣ ਪਰ ਕਰਮ ਬੰਦਿਆਂ ਵਰਗੇ ਨਾ ਹੋਣ। ਪੈਰ ਬੰਦਿਆਂ ਵਰਗੇ ਹੋਣ ਪਰ ਟੋਰ ਮਨੁੱਖ ਵਰਗੀ ਨਾ ਹੋਵੇ ਤਾਂ ਕੌਣ ਕਹੇਗਾ ਕਿ ਉਹ ਬੰਦਾ ਏ ? ਸਤਿਗੁਰੂ ਜੀ ਐਸੇ ਬੰਦਿਆਂ ਨੂੰ ਪਸ਼ੂ ਆਖਦੇ ਹਨ–

ਕਰਤੂਤਿ ਪਸੂ ਕੀ ਮਾਨਸ ਜਾਤਿ॥
ਲੋਕ ਪਚਾਰਾ ਕਰੈ ਦਿਨੁ ਰਾਤਿ॥ (ਪੰਨਾ ੨੬੭)

ਪਸ਼ੂਆਂ ਦੇ ਘਰ ਜਨਮਿਆਂ ਪਸ਼ੂ, ਪਸ਼ੂਆਂ ਵਾਂਗ ਮਰ ਗਿਆ, ਕੋਈ ਅਫਸੋਸ ਨਹੀਂ। ਪਰ ਬੜੇ ਦੁੱਖ ਦੀ ਗੱਲ ਹੈ ਕਿ ਜਨਮ ਲਵੇ ਬੰਦਿਆਂ ਦੇ ਘਰ ਪਰ ਮਰੇ ਪਸ਼ੂਆਂ ਵਾਂਗ।

ਅਸੀਂ ਪਾਠ ਵੀ ਕਰਦੇ ਹਾਂ, ਕੀਰਤਨ ਵੀ ਕਰਦੇ ਹਾਂ ਪਰ ਕਰਮ ਬਿਲਕੁੱਲ ਇਸ ਤੋਂ ਉਲਟ। ਸਤਿਗੁਰਾਂ ਕਿਹਾ ਕਿ ਭਲਾ ਬਣ ਪਰ ਭਲਾ ਕਹਾਵੀਂ ਨਾਂ ਕਿਉਂਕਿ –

ਆਪਸ ਕਉ ਜੋ ਭਲਾ ਕਹਾਵੈ॥
ਤਿਸਹਿ ਭਲਾਈ ਨਿਕਟਿ ਨ ਆਵੈ॥
(ਪੰਨਾ ੨੭੮)

ਅੱਜ ਥੋੜ੍ਹਾ ਜਿਹਾ ਕੀਰਤਨ ਕੀਤਾ, ਥੋੜ੍ਹੀ ਜੇਹੀ ਕਥਾ ਕੀਤੀ ਤੇ ਜਾਣਨਾ ਚਾਹੁੰਦਾ ਹੈ ਕਿ ਬਾਹਰ ਮੇਰੀ ਵਾਹ ਵਾਹ ਹੋਈ ਹੈ ਕਿ ਨਹੀਂ, ਲੋਕ ਚੰਗਾ ਕੀਰਤਨੀਆਂ, ਚੰਗਾ ਕਥਾਕਾਰ ਕਹਿੰਦੇ ਹਨ ਕਿ ਨਹੀਂ। ਕਮਾਲ ਹੋ ਗਈ। ਸਟੇਜ ਤੇ ਵਾਹ ਵਾਹ ਕਹੇ ਨਿਰੰਕਾਰ ਦੀ ਪਰ ਬਾਹਰ ਵਾਹ ਵਾਹ ਆਪਣੀ ਚਾਹੇ। ਤੂੰ ਕੀਤੇ ਕੀਰਤਨ, ਕਥਾ ਤੇ ਪਾਠ ਅਨੁਕੂਲ ਹੀ ਆਪਣਾ ਜੀਵਨ ਢਾਲ। ਮਰਯਾਦਾ ਦਾ ਧਾਰਨੀ ਹੋ ਕੇ ਮਰਯਾਦਾ ਪਰਸ਼ੋਤਮ ਸਤਿਗੁਰੂ ਦਾ ਸੰਗ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਉਸ ਦੀ ਖੇਡ ਨੂੰ ਧੰਦਾ ਨਾ ਬਣਾਓ। ਜਿਹੜੀ ਖੇਡ ਧੰਦਾ ਬਣ ਜਾਏ ਉਹ ਖੇਡ ਨਹੀਂ ਰਹਿੰਦੀ। ਜੇ ਖੇਡ ਖੇਡ ਰਵ੍ਹੇ ਤਾਂ ਉਸ ਖੇਡ ਵਿੱਚ ਖਿਡਾਉਣ ਵਾਲਾ ਦਿਖਾਈ ਦੇਵੇਗਾ ਪਰ ਅਤਿ ਦੁੱਖ ਦੀ ਗੱਲ ਹੈ ਕਿ ਸਾਡੇ ਤਾਂ ਜੀਵਨ ਦੀ ਖੇਡ ਵੀ ਧੰਦਾ ਬਣ ਗਈ ਹੈ। ਖੇਡ ਸਮਝਣ ਵਾਲਿਆਂ ਨੂੰ ਹੀ ਸੋਝੀ ਆਈ, ਉਹ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਗਏ। ਗੁਰੂ ਨਾਨਕ ਪਾਤਸ਼ਾਹ ਇਹ ਭੇਦ ਖੋਹਲਦੇ ਹਨ–

ਹੁਕਮਿ ਰਜਾਈ ਜੋ ਚਲੈ, ਸੋ ਪਵੈ ਖਜਾਨੈ॥
ਖੋਟੇ ਠਵਰ ਨ ਪਾਇਨੀ, ਰਲੇ ਜੂਠਾਨੈ॥੪॥
(ਆਸਾ ਮ: ੧, ਪੰਨਾ ੪੨੧)



www.AKJ.Org

ਉਹ ਕਿਸੇ ਦੇ ਸਰੀਰ ਛਡਣ ਤੇ ਦੁਖੀ ਨਹੀਂ ਹੋਏ, ਰੋਏ ਨਹੀਂ, ਕੁਰਲਾਏ ਨਹੀਂ। ਉਨ੍ਹਾਂ ਕਿਸੇ ਦੇ ਜਨਮ ਲੈਣ ਤੇ ਲੱਡੂ ਨਹੀਂ ਵੰਡੇ। ਉਨ੍ਹਾਂ ਤਾਂ ਸਾਵਾਂ ਜੀਵਨ ਜੀਵਿਆ। ਪਰ ਜਿਸਨੇ ਖੇਡ ਨੂੰ ਨਾ ਸਮਝਿਆ ਉਸ ਨੂੰ ਸੁੱਖ ਦਾਤਾ ਵਿਸਰ ਗਿਆ। ਸਤਿਗੁਰਾਂ ਕਹਿ ਦਿੱਤਾ-

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ,
ਸੁਖਦਾਤਾ ਮਨਿ ਨ ਵਸਾਇਆ।। (ਪੰਨਾ ੬੪੪)

ਜਿਨ੍ਹਾਂ ਪ੍ਰਭੂ ਦੀ ਖੇਡ ਨੂੰ ਸਮਝਿਆ ਉਨ੍ਹਾਂ ਅੰਦਰ ਹਰ ਸਮੇਂ, ਹਰ ਪਲ, ਹਰ ਦੇਖਣੀ ਵਿੱਚ, ਹਰ ਸੋਚਣੀ ਵਿੱਚ, ਹਰ ਬਹਿਣੀ ਵਿੱਚ, ਹਰ ਥਾਂ ਪ੍ਰਭੂ ਦੀ ਨਦਰ ਆ ਵਸੀ। ਉਨ੍ਹਾਂ ਨੂੰ ਪ੍ਰਭੂ ਦੀ ਰਚਨਾ ਦੀ ਹਰ ਵਸਤੂ, ਹਰ ਘਟਨਾ, ਹਰ ਕਰਮ ਕੋਈ ਅਗੰਮੀ ਸੰਦੇਸ਼ ਦੇਣ ਲੱਗ ਪਿਆ।

ਜ਼ਰਾ ਸੋਚਣਾ, ਇੱਕ ਬੁਰਕੀ ਸਬਜ਼ੀ ਨਾਲ ਲਾ ਕੇ ਮੂੰਹ ਵਿੱਚ ਪਾਈ ਸੀ। ਇੱਕ ਬੁਰਕੀ ਤੋਂ ਬਾਅਦ ਅੰਦਰ ਖ਼ੂਨ ਬਣਿਆ। ਇਹ ਜੋ ਅੰਦਰ ਖੇਲ੍ਹ ਹੋਇਆ, ਇਹ ਖਿਲਾਵਣਹਾਰੇ ਨੇ ਵਰਤਾਇਆ।

ਧਰਤੀ ਵਿੱਚ ਪਾਏ ਬੀਜ ਨੂੰ, ਜੋ ਪੱਥਰ ਵਾਂਗ ਸੀ ਜਦੋਂ ਫੁੱਲ ਲੱਗੇ ਤਾਂ ਧਰਤੀ ਅੰਦਰ ਵਰਤੀ ਖੇਡ ਨੂੰ ਕੌਣ ਜਾਣ ਸਕਿਆ ? ਕਿਸੇ ਘਰ ਕਿਸੇ ਬੱਚੇ ਨੇ ਜਨਮ ਲਿਆ। ਚੁੱਕ ਕੇ ਵੇਖਿਆ ਬੜਾ ਸੋਹਣਾ ਬੱਚਾ। ਕਮਾਲ ਹੋ ਗਈ। ਸਤਿਗੁਰੂ ! ਇਹ ਅੰਦਰ ਹੀ ਅੰਦਰ ਕੈਸੀ ਖੇਡ ਸੀ, ਇਸ ਦੀਆਂ ਅੱਖਾਂ, ਮੂੰਹ, ਨੱਕ, ਕੰਨ, ਹੱਡੀਆਂ, ਨਾੜੀਆਂ, ਹੱਥ, ਪੈਰ, ਲੱਤਾਂ, ਬਾਹਵਾਂ ਸਭ ਕੁੱਝ ਅੰਦਰ ਹੀ ਬਣ ਗਿਆ। ਅੰਦਰ ਹੀ ਸਾਰਾ ਡਿਜ਼ਾਈਨ ਬਣ ਗਿਆ। ਕੈਸਾ ਖੇਲ੍ਹ ਹੈ ? ਇੱਕ ਦੀ ਸ਼ਕਲ ਦੂਜੇ ਨਾਲ ਨਹੀਂ ਰਲਦੀ, ਦੂਜੇ ਦੀ ਤੀਜੇ ਨਾਲ ਨਹੀਂ ਰਲਦੀ। ਇੱਕ ਦਾ ਰੋਣਾ, ਹੱਸਣਾ ਦੂਜੇ ਨਾਲ ਨਹੀਂ ਮਿਲਦੇ। ਕਿਸੇ ਦਾ ਬੋਲ ਦੂਜੇ ਨਾਲ ਨਹੀਂ ਮਿਲਦਾ। ਦੋ ਬੱਚੇ ਰੋ ਪੈਣ ਤਾਂ ਰੋਣ ਤੋਂ ਹੀ ਬੱਚਿਆਂ ਦੀ ਪਹਿਚਾਣ ਹੋ ਜਾਂਦੀ ਹੈ। ਹੁਣ ਕਾਨਟੈਕਟ ਲੈਨਜ਼ (Contact lens) ਲਾਏ ਜਾਂਦੇ ਹਨ ਪਰ ਪਰਮਾਤਮਾ ਨੇ ਇਹ ਅੰਦਰ ਹੀ ਅੰਦਰ ਪਹਿਲਾਂ ਹੀ ਲਗਾ ਦਿੱਤੇ। ਅੰਦਰ ਹੀ ਅੰਦਰ ਇਤਨੀਆਂ (ਹਜ਼ਾਰਾਂ) ਨਾੜੀਆਂ, ਹੱਡੀਆਂ ਬਣਾ ਦਿੱਤੀਆ। ਕੌਣ ਸਮਝ ਸਕੇਗਾ ਪਰਮਾਤਮਾ ਦੀ ਇਸ ਖੇਡ ਨੂੰ ? ਮੈਂ ਤਾਂ ਇਹ ਹੀ ਕਹਾਂਗਾ, ਹੇ ਪ੍ਰਭੂ ! ਤੁਹਾਡੀ ਖੇਲ੍ਹ ਬੜੀ ਸੋਹਣੀ ਹੈ। ਮੈਨੂੰ ਵੱਖਰਾ ਹੋ ਕੇ ਖੇਡਣ ਦੀ ਲੋੜ ਨਹੀਂ। ਮੈਂ ਤੇਰੀ ਟੀਮ (Team) ਵਿੱਚ ਹੀ ਸ਼ਾਮਲ ਹੋ ਜਾਂਦਾ ਹਾਂ। ਮੈਂ ਤੁਹਾਡੀ ਟੀਮ ਵਿੱਚ ਹੀ ਸ਼ਾਮਲ ਹੋ ਕੇ ਖੇਡਣਾ ਹੈ।

ਜਿਸ ਟੀਮ ਵਿੱਚ ਖੇਡਣ ਲੱਗ ਜਾਈਏ, ਉਸੇ ਟੀਮ ਦਾ ਕੈਪਟਨ (ਆਗੂ) ਚਾਹੁੰਦਾ ਹੈ ਕਿ ਉਸ ਦੀ ਟੀਮ ਦੀ ਜਿੱਤ ਹੀ ਹੋਵੇ। ਟੀਮ ਦਾ ਮਾਲਕ ਕਦੇ ਨਹੀਂ ਚਾਹੁੰਦਾ ਕਿ ਕਦੀ ਵੀ ਉਸ ਦੀ ਟੀਮ ਹਾਰੇ।

ਉਸ ਦੀ ਟੀਮ ਦੇ ਵਿਧਾਨ ਨੂੰ ਮੰਨਣਾ ਅਥਵਾ ਉਸ ਦੀ ਖੇਡ ਦੇ ਨਿਯਮਾਂ ਦੀ ਪਾਲਣਾ ਕਰਨੀ ਹੀ ਉਸ ਦੀ ਮਰਿਯਾਦਾ ਵਿੱਚ ਰਹਿਣਾ ਹੈ। ਉਸ ਮਾਲਕ ਦੀ ਟੀਮ ਵਿੱਚ ਖੇਲਦੇ ਖੇਲਦੇ ਜੋ ਖਿਲਾਵਣਹਾਰ ਨੂੰ ਯਾਦ ਰੱਖਣਗੇ ਉਹ ਕਦੇ ਵੀ ਜੀਵਨ ਖੇਲ ਵਿੱਚ ਹਾਰਨਗੇ ਨਹੀਂ।

ਜਿਸ ਦੈ ਹੋਵੈ ਵਲਿ
ਸੁ ਕਦੇ ਨ ਹਾਰਦਾ।। (ਪੰਨਾ ੫੧੯)

ਉਹ ਤਾਂ ਜਿੱਤਣਗੇ ਹੀ ਜਿੱਤਣਗੇ। ਹਾਰਦੇ ਉਹ ਹਨ, ਉਹ ਜੋ ਆਪਣੀ ਟੀਮ ਬਨਾਉਣ ਦਾ ਯਤਨ ਕਰਨਗੇ, ਜੋ ਆਪਣੇ ਨਾਲ ਖੇਲ ਨੂੰ ਜੋੜ ਲੈਣਗੇ। ਇੰਝ ਹੀ ਇਹ ਖੇਲ੍ਹ ਧੰਦਾ ਬਣ ਜਾਂਦੀ ਹੈ ਤੇ ਜੋ ਖੇਲ੍ਹ ਧੰਦਾ ਬਣ ਜਾਵੇ, ਉਸ ਵਿੱਚ ਸਦਾ ਹਾਰ ਹੀ ਹੁੰਦੀ ਹੈ। ਪ੍ਰਭੂ ਆਪਣੀ ਖੇਡ ਤੋਂ ਬਾਹਰ ਨਹੀਂ। ਪ੍ਰਭੂ ਦੀ ਰਚਨਾ ਅਥਵਾ ਮਾਇਆ ਉਸ ਤੋਂ ਭਿੰਨ ਨਹੀਂ ਹਨ, ਸਗੋਂ ਪ੍ਰਭੂ ਆਪਣੀ ਰਚਨਾ ਵਿੱਚ ਹੀ ਹੈ। ਮਾਇਆ ਵਿੱਚ ਰਹਿੰਦੇ ਹੋਏ ਜੋ ਮਾਇਆ ਨਾਲ ਚਿੱਤ ਨਹੀਂ ਜੋੜਦੇ, ਸਗੋਂ ਪ੍ਰਭੂ-ਮੁੱਖੀ ਹੋ ਕੇ ਰਹਿੰਦੇ ਹਨ, ਹਰ ਸਮੇਂ ਪ੍ਰਭੂ ਦੀ ਯਾਦ ਦਾ ਪੱਲਾ ਫੜੀ ਰੱਖਦੇ ਹਨ, ਮਾਇਆ ਉਸ ਦੀ ਦਾਸੀ ਹੋ ਕੇ ਰਹਿੰਦੀ ਹੈ। ਦੁੱਖ ਤੇ ਸੁੱਖ ਉਨ੍ਹਾਂ ਤੇ ਕੋਈ ਅਸਰ ਨਹੀਂ ਕਰਦੇ । ਉਨ੍ਹਾਂ ਦਾ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ ।

ਸੋ ਜਦੋਂ ਕੋਈ ਕਾਦਰ ਦੀ ਕੁਦਰਤ ਅੰਦਰ ਵਰਤ ਰਹੇ ਨਿਯਮਾਂ ਨੂੰ ਪਹਿਚਾਣ ਲੈਂਦਾ ਹੈ, ਉਸ ਦੇ ਹੁਕਮ ਨੂੰ ਪਹਿਚਾਣ ਲੈਂਦਾ ਹੈ ਤਾਂ ਉਹ ਅਨੁਭਵ ਕਰ ਲੈਂਦਾ ਹੈ ਕਿ ਉਹ ਕਾਦਰ ਦਾ ਹੀ ਅੰਗ ਹੈ। ਉਸ ਨੂੰ ਨਿਸਚੇ ਹੀ ਕਾਦਰ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ। ਉਹ ਕਾਦਰ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ ਜਿਸ ਸਦਕਾ ਕਾਦਰ ਵਿੱਚ ਲੀਨ ਹੋ ਜਾਂਦਾ ਹੈ ਪਰ ਸਫਲਤਾ ਦੀ ਇਸ ਟੀਸੀ ਤੇ ਉਹੀ ਮਨੁੱਖ ਪਹੁੰਚਦਾ ਹੈ ਜਿਹੜਾ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਉਸ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦਾ ਹੈ।

ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ।।
ਨਾਨਕ ਲੀਨ ਭਇਓ ਗੋਬਿੰਦ ਸਿਉ,



www.AKJ.Org

ਜ਼ਿਉ ਪਾਨੀ ਸੰਗ ਪਾਨੀ ।।

(ਸੋਰਿਠ ਮ: ੯, ਪੰਨਾ ੬੩੩-੩੪)

ਈਰਾਨ ਦਾ ਇੱਕ ਬਾਦਸ਼ਾਹ ਹੋਇਆ ਏ। ਉਸਨੇ ਆਪਣੇ ਲੇਖਕ, ਇਤਿਹਾਸਕ ਬੁਲਾਏ ਤੇ ਕਿਹਾ ਮੈਨੂੰ ਸਾਰੇ ਸੰਸਾਰ ਦਾ ਇਤਿਹਾਸ ਚਾਹੀਦਾ ਹੈ, ਲਿਖ ਕੇ ਦਿਉ। ਇੱਕ ਇਤਿਹਾਸਕਾਰ ਨੇ ਇਹ ਕੰਮ ਪੂਰਾ ਕੀਤਾ ਤੇ ਸੱਤ ਸੌ ਪੰਜਾਹ ਸਫੇ ਵਿੱਚ ਸਾਰਾ ਇਤਿਹਾਸ ਲਿਖ ਦਿੱਤਾ। ਜਦੋਂ ਰਾਜੇ ਨੂੰ ਭੇਟ ਹੋਇਆ ਤਾਂ ਰਾਜੇ ਨੇ ਕਿਹਾ "ਤੂੰ ਜਾਣਦਾ ਨਹੀਂ ਮੈਂ ਰਾਜਾ ਹਾਂ। ਕੀ ਰਾਜਿਆਂ ਕੋਲ ਇੰਨਾਂ ਸਮਾਂ ਹੁੰਦਾ ਹੈ ਪੜ੍ਹਨ ਦਾ ?" ਇਤਿਹਾਸਕਾਰ ਨੇ ਮੱਥੇ ਤੇ ਹੱਥ ਮਾਰਿਆ, ਸੋਚਣ ਲੱਗ ਪਿਆ ਗੱਲ ਸਾਰੇ ਸੰਸਾਰ ਦੀ ਕਰਨੀ ਹੋਵੇ ਤੇ 750 ਸਫੇ ਬਹੁਤੇ ਨੇ, ਉਸ ਨੇ ਸ਼ਾਰਟਕਟ ਮਾਰ ਕੇ ਸੌ ਸਫੇ ਵਿੱਚ ਮੁਕਾ ਲਿਆ। ਰਾਜੇ ਕੋਲ ਆਇਆ, ਲਿਖਤ ਭੇਟ ਕੀਤੀ। ਰਾਜੇ ਨੇ ਫਿਰ ਉਹੀ ਉੱਤਰ ਦਿੱਤਾ ਤੇ ਕਿਹਾ ਕਿ ਛੋਟਾ ਕਰ। ਇਤਿਹਾਸਕਾਰ ਚੁੱਪ ਕਰਕੇ ਮਾਯੂਸ ਹੋ ਕੇ ਘਰ ਬੈਠ ਗਿਆ।

ਕੁੱਝ ਸਮੇਂ ਬਾਅਦ ਇਤਿਹਾਸਕਾਰ ਨੂੰ ਪਤਾ ਲੱਗਾ ਕਿ ਰਾਜਾ ਬਹੁਤ ਬਿਮਾਰ ਹੋ ਗਿਆ ਹੈ ਤੇ ਹੁਣ ਆਖਰੀ ਸਾਹਾਂ ਤੇ ਹੈ। ਇਹ ਸੁਣ ਕੇ ਇਤਿਹਾਸਕਾਰ ਵੀ ਰਾਜੇ ਕੋਲ ਗਿਆ। ਇਸਨੂੰ ਵੇਖ ਕੇ ਰਾਜਾ ਬੋਲਿਆ "ਕੁੱਝ ਲਿਖ ਕੇ ਲਿਆਇਆ ਏਂ ?" ਇਤਿਹਾਸਕਾਰ ਬੋਲਿਆ 'ਲਿਖਣ ਦੀ ਕੀ ਲੋੜ ਹੈ ? ਲਿਖਾਂ ਤਾਂ ਜੇ ਤੁਹਾਡੇ ਕੋਲ ਪੜ੍ਹਨ ਦਾ ਟਾਈਮ ਹੋਵੇ ਹੁਣ ਤਾਂ ਤੁਹਾਡੇ ਕੋਲ ਬਿਲਕੁੱਲ ਸਮਾਂ ਨਹੀਂ। ਮੈਂ ਤੁਹਾਡੇ ਕੰਨ ਵਿੱਚ ਹੀ ਸਾਰੇ ਸੰਸਾਰ ਦਾ ਇਤਿਹਾਸ ਸੁਣਾ ਦਿੰਦਾ ਹਾਂ।

ਸਾਰੇ ਸੰਸਾਰ ਦਾ ਇਤਿਹਾਸ ਇਹ ਹੈ ਕਿ ਇੱਥੇ ਕੋਈ ਜਨਮ ਲੈ ਰਿਹਾ ਹੈ, ਕੋਈ ਜੀ ਰਿਹਾ ਹੈ ਤੇ ਕੋਈ ਮਰ ਰਿਹਾ ਹੈ।' ਇਹ ਮਾਲਕ ਦੀ ਖੇਡ ਹੈ, ਇਥੇ ਕੋਈ ਆ ਰਿਹਾ ਹੈ, ਕੋਈ ਜਾ ਰਿਹਾ ਹੈ। ਖੂਹ ਦੀਆ ਟਿੰਡਾਂ ਵਾਂਗ ਕੋਈ ਖਾਲੀ ਹੋ ਰਹੀ ਹੈ ਕੋਈ ਭਰਨ ਜਾ ਰਹੀ ਹੈ, ਕੋਈ ਭਰੀ ਗਈ ਹੈ, ਸਤਿਗੁਰਾਂ ਦਾ ਬਚਨ ਹੈ -

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ,
ਇਕ ਸਖਨੀ ਹੋਰ ਫੇਰ ਭਰੀਅਤ ਹੈ।।

(ਪੰਨਾ ੧੩੨੯)

ਇਹ ਸਾਰੀ ਖੇਡ ਖਿਡਾਉਣਹਾਰ ਦੀ ਦ੍ਰਿਸ਼ਟੀ ਤੋਂ ਬਾਹਰ ਨਹੀਂ, ਵੱਖਰੀ ਨਹੀਂ। ਪਰਮਾਤਮਾ ਤੇ ਉਸਦੀ ਰਚੀ ਹੋਈ ਮਾਇਆ ਇਕ ਹਨ, ਹੋਰ ਕੋਈ ਫਰਕ ਨਹੀਂ। ਜੋ ਇਸ ਮਾਇਆ ਵਿੱਚ ਹੀ ਪਰਮਾਤਮਾ ਨੂੰ ਵੇਖਣ ਦਾ ਯਤਨ ਕਰੇ, ਮਾਇਆ ਉਸ ਦੀ ਦਾਸੀ ਬਣ ਜਾਏਗੀ। ਪਰ ਜੋ ਕੋਈ ਮਾਇਆ ਹੀ ਮਾਇਆ ਵੇਖੀ ਜਾਏ ਤਾਂ ਉਹ ਮਾਇਆ ਦਾ ਦਾਸ ਬਣ ਕੇ ਰਹਿ ਜਾਂਦਾ ਹੈ, ਫੇਰ ਦੁੱਖ ਹੀ ਦੁੱਖ ਹਨ। ਖੂਹ ਦੀਆਂ ਟਿੰਡਾਂ ਵਾਂਗ ਜਨਮ ਮਰਨ ਦਾ ਗੇੜ ਚਲਦਾ ਰਹੇਗਾ।

ਜਦੋਂ ਕੋਈ ਕਾਦਰ ਦੀ ਰਚੀ ਕੁਦਰਤ ਅੰਦਰ ਰਹਿੰਦਿਆਂ ਕਾਦਰ ਦੇ ਹੁਕਮ ਨੂੰ ਪਹਿਚਾਣ ਲਵੇ, ਅਨੁਭਵ ਕਰੇ, ਉਹ ਵੀ ਉਸੇ ਦਾ ਹੀ ਇੱਕ ਅੰਗ ਹੈ। ਤਾਂ ਨਿਸ਼ਚੇ ਹੀ ਇਸਨੂੰ ਕਾਦਰ ਦੇ ਸੰਗ ਹੋਣ ਦਾ ਬਲ ਪ੍ਰਾਪਤ ਹੋ ਜਾਵੇਗਾ। ਉਸਦੀ ਨਦਰ ਤੇ ਬਖਸ਼ਿਸ਼ ਸਦਕਾ ਕਾਦਰ ਵਿੱਚ ਲੀਨ ਹੋ ਜਾਵੇਗਾ।

(ਪੰਨਾ ੧੮ ਦਾ ਬਾਕੀ ...........)

ਦਾ ਤਾਂ ਬਹਾਨਾ ਹੁੰਦਾ ਹੈ ਤਾਂ ਜੋ ਕੇਸਕੀ ਲਾਹ ਦਿੱਤੀ ਜਾਵੇ। ਜਿਨ੍ਹਾਂ ਨੂੰ ਕੇਸਕੀ ਨਾਲ ਪਿਆਰ ਹੈ ਉਹ ਬੀਬੀਆਂ ਤਾਂ ਸਿਰ ਕਟਾਉਣ ਵਾਸਤੇ ਤਿਆਰ ਹੁੰਦੀਆਂ ਹਨ, ਕੇਸਕੀ ਨਹੀਂ ਲਾਹੁੰਦੀਆਂ। ਅਜਿਹੇ ਸਭ ਝੂਠੇ ਬਹਾਨੇ ਹਨ।

ਸਤਵੰਤ ਕੌਰ : ਮੈਨੂੰ ਵੀ ਕੇਸਕੀ ਸਜਾਉਣੀ ਚਾਹੀਦੀ ਹੈ ਪਰ ਕੀ ਇਹ ਅਮੋਲਕ ਦਾਤ ਮੈਨੂੰ ਪ੍ਰਾਪਤ ਹੋ ਸਕਦੀ ਹੈ ?

ਮਨਜੀਤ ਕੌਰ : ਕਿਉਂ ਨਹੀਂ ਭੈਣ ਜੀ ! ਤੁਸੀਂ ਵੀ ਕੇਸਕੀ ਸਜਾ ਲਵੋ, ਤੁਸੀਂ ਵੀ ਇਹ ਦਾਤ ਨੂੰ ਝੋਲੀ ਪਾਉ, ਕੇਸਾਂ ਨੂੰ ਮਿੱਟੀ ਘੱਟਾ ਪੈਣ ਤੋਂ ਬਚਾਉ ਅਤੇ ਕੇਸਾਂ ਦੀ ਚੰਗੀ ਤਰ੍ਹਾਂ ਸੰਭਾਲ ਕਰੋ।

ਸਤਵੰਤ ਕੌਰ : ਤੁਸੀਂ ਤਾਂ ਸਾਨੂੰ ਪੂਰੀ ਸੋਝੀ ਪਾ ਦਿੱਤੀ ਹੈ।

ਮਨਜੀਤ ਕੌਰ : ਭੈਣ ਜੀ ! ਅਸੀਂ ਕੌਣ ਹਾਂ ਸੋਝੀ ਪਾਉਣ ਵਾਲੇ ? ਸੋਝੀ ਤਾਂ ਸੱਚੇ ਪਿਤਾ ਵਾਹਿਗੁਰੂ ਆਪ ਹੀ ਪਾਉਂਦੇ ਹਨ।

ਸਤਵੰਤ ਕੌਰ : ਚੰਗਾ ਭੈਣ ਜੀ ! ਹੁਣ ਤੁਹਾਨੂੰ ਕੇਸਕੀ ਸਜਾ ਕੇ ਹੀ ਮਿਲਾਂਗੀ।

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।

ਅਤੇ ਸਤਵੰਤ ਕੌਰ 'ਸਾਬਤ ਸੂਰਤਿ ਦਸਤਾਰ ਸਿਰਾ' ਸ਼ਬਦ ਬੋਲਦੀ ਘਰ ਨੂੰ ਚਲੀ ਜਾਂਦੀ ਹੈ।



www.AKJ.Org

# ਪੁਲਾੜ ਰੈਹਤ (੨)

(ਸੂਬੇਦਾਰ ਧਰਮ ਸਿੰਘ ਸੁੱਜੋਂ (ਯੂ. ਕੇ.))

ਲੜੀ ਜੋੜਨ ਲਈ ਦੇਖੋ 'ਸੂਰਾ' ਮਈ, ੯੯......

ਅਸੀਂ ਹਾਲੇ ਭੌਤਿਕ ਵਿਗਿਆਨੀਆਂ ਦਾ ਪੱਖ ਹੀ ਪੇਸ਼ ਕੀਤਾ ਹੈ, ਆਓ ਹੁਣ ਧਾਰਮਿਕ ਵਿਗਿਆਨੀਆਂ ਦਾ ਪੱਖ ਵਿਚਾਰੀਏ।

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਬਗਦਾਦ ਵਿੱਚ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦਾ ਨਾਅਰਾ ਬੁਲੰਦ ਕੀਤਾ ਸੀ ਤਾਂ ਉਥੋਂ ਦੇ ਮੁਸਲਮਾਨਾਂ ਨੇ ਇਸ ਨੂੰ ਕੁਫਰ ਦਾ ਕਲਾਮ ਆਖ ਪੀਰ ਗੁਲਾਮ ਦਸਤਗੀਰ ਪਾਸ ਜਾ ਸ਼ਕਾਇਤ ਕੀਤੀ। ਪੀਰ ਜੀ ਦੀ ਗੁਰੂ ਜੀ ਨਾਲ ਮੁਲਾਕਾਤ ਹੋਈ ਤੇ ਇਹ ਫੈਸਲਾ ਹੋਇਆ ਕਿ ਗੁਰੂ ਜੀ ਪੀਰ ਦੇ ਪੁੱਤਰ ਨੂੰ ਨਾਲ ਲੈ ਕੇ ਉਸ ਨੂੰ ਲੱਖਾਂ ਪਾਤਾਲ-ਆਗਾਸ ਦਿਖਾ ਕੇ ਲਿਆਉਣਗੇ। ਗੁਰੂ ਜੀ ਅੱਖ ਦੇ ਇੱਕ ਫੋਰੇ ਵਿੱਚ ਪੀਰ ਦੇ ਪੁੱਤਰ ਨੂੰ ਲੱਖਾਂ ਪਾਤਾਲ ਤੇ ਆਗਾਸ ਦਿਖਾ ਕੇ ਜਦੋਂ ਵਾਪਸ ਆ ਰਹੇ ਸਨ ਤਾਂ ਕਿਸੀ ਹੋਰ ਧਰਤੀ ਤੇ ਕੀਰਤਨ ਦੀ ਸਮਾਪਤੀ ਤੇ ਭੋਗ ਉਪਰੰਤ ਪਰਸ਼ਾਦ ਵਰਤ ਰਿਹਾ ਸੀ, ਗੁਰੂ ਜੀ ਉਥੋਂ ਇੱਕ ਕੌਲ ਪਰਸ਼ਾਦ ਭਰ ਕੇ ਨਿਸ਼ਾਨੀ ਵਜੋਂ ਨਾਲ ਲੈ ਕੇ ਭੀ ਆਏ।

ਭੌਤਿਕ ਵਿਗਿਆਨੀ ਯੰਤਰਾਂ ਦੀ ਸਹਾਇਤਾ ਨਾਲ ਰੌਸ਼ਨੀ ਦੀ ਰਫਤਾਰ ਤੱਕ ਪਹੁੰਚਣ ਦੀ ਕੋਸ਼ਿਸ਼ ਵਿੱਚ ਹੈ ਤਾਂ ਜੋ ਉਹਨਾਂ ਦਾ ਅੰਤਰ-ਗਰੈਹੀ ਸਫਰ ਸੰਭਵ ਹੋ ਸਕੇ, ਪਰਮਾਰਥਕ ਵਿਗਿਆਨੀਆਂ ਦਾ ਆਪਣਾ ਰਸਤਾ ਵੱਖਰਾ ਹੈ। ਕੁਦਰਤ ਦੇ ਨਿਯਮ ਤਾਂ ਦੋਨਾਂ ਹਾਲਤਾਂ ਵਿੱਚ ਇੱਕ ਸਾਰ ਹੀ ਹੁੰਦੇ ਹਨ, ਸਿਰਫ ਉਨ੍ਹਾਂ ਦੀ ਵਰਤੋਂ (Application) ਦੇ ਢੰਗਾਂ ਵਿੱਚ ਫਰਕ ਹੈ।

ਨਿਰੰਕਾਰ ਦੇ 'ਅਚੱਲ' ਤੋਂ ਚਲਾਇਮਾਨ ਹੋ, ਸਾਕਾਰ ਹੋਣ ਦੀ ਪਹਿਲੀ ਹਾਲਤ ਨੂੰ ਗੁਰੂ ਨਾਨਕ ਦੇਵ ਜੀ ਨੇ '੧ਓ' ਤੇ ਕਲਗੀਧਰ ਜੀ ਨੇ *'ਜਾਗਤ-ਜੋਤਿ'* ਦਾ ਨਾਮ ਦਿੱਤਾ ਹੈ। ਜੋਤਿ, ਪ੍ਰਕਾਸ਼ ਜਾਂ ਰੌਸ਼ਨੀ ਇੱਕ ਸ਼ਕਤੀ (Energy) ਹੈ। ਰੌਸ਼ਨੀ ਦੀਆਂ ਲੈਹਰਾਂ ਹਮੇਸ਼ਾਂ 186000 ਮੀਲ ਪ੍ਰਤੀ ਸੈਕੰਡ ਦੀ ਰਫ਼ਤਾਰ ਤੇ ਹਰਕਤ ਵਿੱਚ ਰੈਹੰਦੀਆਂ ਹਨ। ਅਕ਼ਾਲ-ਪੁਰਖ ਜਾਂ ਜਾਗਤ-ਜੋਤਿ, ਹਮੇਸ਼ਾਂ ਰਫ਼ਤਾਰ ਤੇ ਹਰਕਤ ਵਿੱਚ ਰੈਹਣ ਦੇ ਕਾਰਨ, ਹਰ ਵਕਤ *'ਅਕਾਲ'* Timeless ਅਤੇ ਪੁਲਾੜ ਰੈਹਤ Spaceless ਹਾਲਤ ਵਿੱਚ ਰੈਹੰਦਾ ਹੈ। ਇਸ ਲਈ ਇਸ ਹਸਤੀ ਨੂੰ ਇੱਕ ਗਰੈਹ ਤੋਂ ਦੂਸਰੇ ਗਰੈਹ ਤੇ ਜਾਂ ਇੱਕ ਲੋਕ (Universe) ਤੋਂ ਦੂਸਰੇ ਲੋਕ (Universe) ਤੱਕ ਪਹੁੰਚਣ ਲਈ ਨਾ ਹੀ ਸਮਾਂ ਲੱਗਦਾ ਹੈ ਤੇ ਨਾ ਹੀ ਸਫਰ ਕਰਨ ਲਈ ਕੋਈ ਫਾਸਲਾ ਤੈਅ ਕਰਨਾ ਪੈਂਦਾ ਹੈ। ਇਹ ਹਸਤੀ ਹਮੇਸ਼ਾਂ ਹੀ ਇਥੇ ਤੇ ਹੁਣੇ (Here Now) ਦੀ ਅਵੱਸਥਾ ਵਿੱਚ ਹੁੰਦੀ ਹੈ।

'ਕਹੁ ਕਬੀਰ ਇਹੁ ਰਾਮ ਕੀ ਅੰਸੁ' (ਪੰਨਾ ੮੭੧) ਅਨੁਸਾਰ ਜੀਵ, ਪਰਮਾਤਮਾ ਦੀ ਅੰਸ਼ ਹੈ। ਪਰਮਾਤਮਾ ਬੇਅੰਤ ਸ਼ਕਤੀ (Energy) ਹੋਣ ਦੇ ਕਾਰਨ ਬੇਅੰਤ ਤਾਕਤ ਦਾ ਮਾਲਕ ਹੈ। ਕੁਦਰਤ ਦੇ ਨਿਯਮ ਪਰਮਾਤਮਾ ਅਤੇ ਜੀਵ ਵਿੱਚ ਇਕਸਾਰ ਹੀ ਕੰਮ ਕਰਦੇ ਹਨ। ਕੁਦਰਤ ਦੇ ਨਿਯਮ ਬਦਲੀ ਨਹੀਂ ਹੁੰਦੇ। ਜਿਵੇਂ ਬਿਜਲੀ ਦੀ ਹਾਈਪਾਵਰ ਟਰਾਂਸਮਿਸ਼ਨ ਲਾਈਨਾਂ ਵਿਚੋਂ ਹਜ਼ਾਰਾਂ ਵੋਲਟ ਦੀ ਬਿਜਲੀ ਗੁਜ਼ਰਦੀ ਹੈ ਇਸ ਲਈ ਉਸ ਦੇ ਇਰਦ ਗਿਰਦ ਮਿਕਨਾਤੀਸੀ ਖੇਤਰ ਭੀ ਹਾਈਪਾਵਰ ਹੀ ਪੈਦਾ ਹੁੰਦਾ ਹੈ, ਇਸ ਦੀ ਫਰੀਕੁਐਂਸੀ ਭੀ ਕਿਲੋ ਜਾਂ ਮੈਗਾ ਹਰਟਸ ਤੱਕ ਹੁੰਦੀ ਹੈ। ਇਸ ਦੇ ਉਲਟ ਇਨਸਾਨੀ ਦਿਮਾਗ ਦੇ ਅੰਦਰ 1-3-16 /1000,000 ਜਾਂ ਇੱਕ ਤੋਂ 16 ਮਿਲੀਅੰਥ ਵੋਲਟ ਤੱਕ ਦੀ ਹਲਕੀ ਜੇਹੀ ਕਰੰਟ ਕੰਮ ਕਰਦੀ ਹੈ। ਇਸ ਦੀ ਫਰੀਕੁਐਂਸੀ 1/2 ਤੋਂ 38 ਹਰਟਸ, (ਸਿਰਫ ਹਰਟਸ ਹੀ, ਕਿਲੋ ਜਾਂ ਮੈਗਾ ਨਹੀਂ) ਤੱਕ ਹੁੰਦੀ ਹੈ। ਰਫ਼ਤਾਰ ਦੋਨਾਂ ਹਾਲਤਾਂ ਵਿੱਚ (ਹਾਈਪਾਵਰ ਤੋਂ ਲੋ ਪਾਵਰ) ਵਿੱਚ ਰੌਸ਼ਨੀ ਦੀ ਰਫ਼ਤਾਰ ਦੇ ਬਰਾਬਰ ਹੁੰਦੀ ਹੈ-ਜਿਵੇਂ ਸੂਰਜ ਦੀ ਵਿਸ਼ਾਲ ਰੌਸ਼ਨੀ ਅਤੇ ਉਸੇ ਦੀ ਹੀ ਇੱਕ ਕਿਰਨ ਦੀ ਰੌਸ਼ਨੀ ਦੀ ਰਫ਼ਤਾਰ, ਦੋਨਾਂ ਹਾਲਤਾਂ ਵਿੱਚ ਇੱਕ ਸਾਰ ਹੀ ਹੁੰਦੀ ਹੈ।

ਤਾਮਲਨਾਡੂ ਦੇ ਡਾਕਟਰ ਮਧੂ ਸਵਾਮੀ ਡਾਕਟਰੀ ਪੇਸ਼ਾ ਛੱਡ, ਯੋਗੀ ਹੋ ਗਏ ਸਨ, ਜੋ ਮਗਰੋਂ ਸਵਾਮੀ ਸ਼ਿਵਾਨੰਦ ਦੇ ਨਾਮ ਨਾਲ ਮੌਜੂਦਾ ਸਮੇਂ ਦੇ ਪ੍ਰਸਿੱਧ ਯੋਗੀ ਹੋਏ ਹਨ। ਅਨੰਦ ਕੁਟੀ ਆਸ਼ਰਮ, ਰਿਖੀ ਕੇਸ਼ ਵਿੱਚ ਉਨ੍ਹਾਂ ਦੀ ਰਹਾਇਸ਼ ਹੁੰਦੀ ਸੀ। ਉਨ੍ਹਾਂ ਨੇ ਯੋਗ ਦੇ ਵਿਸ਼ੇ ਤੇ ਬਹੁਤ ਸਾਰੀਆਂ ਪੁਸਤਕਾਂ ਭੀ ਲਿਖੀਆਂ ਹਨ। ਸਵਾਮੀ ਜੀ ਲਿਖਦੇ ਹਨ ਕਿ ਯੋਗੀ ਆਪਣੀ ਸਰੀਰਕ ਪਰਕਿਰਤੀ ਨੂੰ ਸ਼ਕਤੀ (Energy) ਵਿੱਚ ਬਦਲੀ ਕਰ, ਰੌਸ਼ਨੀ ਦੀ ਰਫ਼ਤਾਰ ਪਕੜ, *'ਇਥੇ ਤੇ ਹੁਣੇ'* (Here-Now) ਦੀ ਅਵਸਥਾ ਤੇ ਚਲਾ ਜਾਂਦਾ ਹੈ। ਫਿਰ ਉਹੀ ਯੋਗੀ ਅੰਤਰ-ਗਰੈਹੀ ਤਾਂ ਕਿਆ ਅੰਤਰ-ਲੋਕ (Inter Universe) ਸਫਰ ਭੀ At The very instant ਹੀ ਕਰ ਲੈਂਦਾ ਹੈ, ਅਗਲੀ ਥਾਂ ਜਾ ਕੇ ਸ਼ਕਤੀ (Energy) ਨੂੰ ਪਰਕਿਰਤੀ ਵਿੱਚ ਬਦਲੀ ਕਰ, ਸਰੀਰ ਧਾਰਨ ਕਰ ਲੈਂਦਾ ਹੈ। ਇਹ ਸਾਰੀ ਕਿਰਿਆ ਪੂਰੀ ਕਰਨ ਨੂੰ ਕੋਈ ਸਮਾਂ ਨਹੀਂ ਲੱਗਦਾ। ਕਿਉਂਕਿ Here-Now ਦੀ ਸਟੇਜ ਤੇ ਸਮਾਂ ਅਤੇ ਪੁਲਾੜ



www.AKJ.Org

ਜਾਂ Time ਅਤੇ Space ਦੋਨੋਂ ਹੀ ਨਹੀਂ ਹੁੰਦੇ।

ਪਰਮਾਰਥਕ ਵਿਗਿਆਨੀ ਐਸਾ ਕਰ ਸਕਣ ਦੀ ਸ਼ਕਤੀ ਕਿਵੇਂ ਪ੍ਰਾਪਤ ਕਰਦਾ ਹੈ ? ਹਿੰਦੂ ਧਰਮ ਦੇ ਛੇ ਸ਼ਾਸ਼ਤਰਾਂ ਵਿਚੋਂ ਇੱਕ ਸ਼ਾਸਤਰ, ਯੋਗ ਸ਼ਾਸਤਰ ਹੈ ਜੋ ਪਾਤੰਜਲੀ ਰਿਸ਼ੀ ਜੀ ਨੇ ਲਿਖਿਆ ਹੈ। ਉਸ ਨੇ ਸ਼ਾਸਤਰ ਦੇ ਆਰੰਭ ਵਿੱਚ ਹੀ ਲਿਖਿਆ ਹੈ ਕਿ *"ਯੋਗ ਚਿਤਵ੍ਰਿਤੀ ਨਰੋਧ"* ਭਾਵ ਚਿਤ ਦੀ ਵ੍ਰਿਤੀ ਜਾਂ ਮਨ ਦੀ ਹਰਕਤ ਰੋਕ ਦੇਣ ਦਾ ਨਾਮ ਹੀ ਯੋਗ ਹੈ। ਇਸ ਯੋਗ ਦੁਆਰਾ ਜੀਵ-ਆਤਮਾ ਦਾ ਸਾਖਸ਼ਾਤਕਾਰ ਹੋ ਜਾਂਦਾ ਹੈ, ਮਨ ਦੀ ਹਰਕਤ ਰੋਕਣ ਦੇ ਅਨੇਕ ਉਪਾਵ ਹਨ। ਤੁਸੀਂ ਕਿਸੀ ਭੀ ਢੰਗ ਜਾਂ ਉਪਾਵ ਨਾਲ ਮਨ ਦੀ ਹਰਕਤ ਰੋਕ ਦਿਉ, ਜੀਵ-ਆਤਮਾ ਦਾ ਸ਼ਾਖਸਾਤਕਾਰ ਹੋ ਜਾਂਦਾ ਹੈ।

ਅਕਾਲ ਪੁਰਖ ਨੇ ਸਰਿਸ਼ਟੀ ਰਚਨਾ ਵੇਲੇ ਇੱਕ ਰਾਜ ਮਿਸਤਰੀ ਵਾਂਗੂੰ ਤੇਸੀ ਕਾਂਡੀ ਫੜ ਕੇ, ਤੇ ਇੱਟਾਂ ਸੀਮਿੰਟ ਦੀ ਵਰਤੋਂ ਕਰ ਕੇ ਇਸ ਦੀ ਉਸਾਰੀ ਨਹੀਂ ਕੀਤੀ, ਨਾ ਹੀ ਉਹ ਐਸਾ ਕਰਦਾ ਹੀ ਹੈ। ਉਸ ਨੇ ਜੋ ਉਸਾਰੀ ਕਰਨੀ ਹੁੰਦੀ ਹੈ ਉਸ ਦਾ ਉਹ ਸਿਰਫ *"ਇਰਾਦਾ"* ਹੀ ਕਰਦਾ ਹੈ। He wills. Here-Now ਦੀ ਅਵੱਸਥਾ ਵਿੱਚ ਸਿਰਫ *"ਇਰਾਦਾ"* (Will) ਹੀ ਕੰਮ ਕਰਦਾ ਹੈ ਤੇ ਅਮਲ ਪੂਰਾ ਹੋ ਜਾਂਦਾ ਹੈ-"ਕੀਤਾ ਪਸਾਉ ਏਕੋ ਕਵਾਉ" (ਜਪੁ ਜੀ ੧੬) ਜਾਂ ਇਕ ਕਵਾਉ ਪਸਾਉ ਕਰਿ, ਓਅੰਕਾਰਿ ਕੀਆ ਪਾਸਾਰਾ।। (ਭਾਈ ਗੁਰਦਾਸ, ਵਾਰ ੨੬/੩੫) ਜਦੋਂ ਮਨ ਦੀ ਹਰਕਤ ਰੁਕਦੀ ਹੈ ਤਾਂ ਆਤਮਾ ਸਾਖਸ਼ਾਤਕਾਰ ਹੋ ਜਾਂਦਾ ਹੈ। ਆਤਮਾ, ਪਰਕਾਸ਼ ਰੂਪ ਹੈ। ਪਰਕਾਸ਼ ਵਿੱਚ ਰੌਸ਼ਨੀ ਦੀ ਰਫ਼ਤਾਰ ਤੇ ਹਰਕਤ ਜਾਂ Vibration ਹਰ ਵਕਤ ਜਾਰੀ ਰਹਿੰਦੀ ਹੈ, ਇਸ ਲਈ ਆਤਮ-ਸਾਖਸ਼ਾਤਕਾਰ ਵੇਲੇ ਅਸੀਂ Here-Now ਦੀ ਅਵੱਸਥਾ ਵਿੱਚ ਹੁੰਦੇ ਹਾਂ। ਇਸ ਅਵੱਸਥਾ ਵਿੱਚ ਅਸੀਂ ਭੀ ਸਰੀਰ ਦੀ ਪਰਕਿਰਤੀ ਨੂੰ ਸ਼ਕਤੀ (Energy) ਵਿੱਚ ਬਦਲੀ ਕਰਨ ਦਾ ਸਿਰਫ *"ਇਰਾਦਾ"* (Will) ਹੀ ਕਰਦੇ ਹਾਂ, ਸਰੀਰ ਸ਼ਕਤੀ ਵਿੱਚ ਬਦਲੀ ਹੋ ਜਿਥੇ ਭੀ ਜਾਣਾ ਹੁੰਦਾ ਹੈ, ਉਥੇ ਪਹੁੰਚ, ਸ਼ਕਤੀ ਨੂੰ ਪਰਕਿਰਤੀ ਵਿੱਚ ਬਦਲੀ ਕਰ, ਫੇਰ ਸਰੀਰ ਉਤਪਨ ਕਰ ਲੈਂਦੇ ਹਾਂ। ਇਸ ਸਾਰੀ ਕਿਰਿਆ ਨੂੰ ਪੂਰਾ ਕਰਨ ਲਈ ਸਮਾਂ ਸਿਰਫ Zero (At The very instant) ਹੀ ਲੱਗਦਾ ਹੈ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ, ਗੁਲਾਮ ਦਸਤਗੀਰ ਦੇ ਪੁੱਤਰ ਨੂੰ ਨਾਲ ਲੈ ਕੇ ਅੱਖ ਦੇ ਇੱਕ ਫੋਰੇ ਵਿੱਚ ਅੰਤਰ-ਗਰੈਹੀ (Inter-Stellar) ਸਫਰ ਕਰਾਉਣ ਦਾ ਜ਼ਿਕਰ ਕੀਤਾ ਹੈ। ਅੱਖ ਦੇ ਫੋਰੇ ਲਈ ਭੀ ਕੁੱਝ ਸਮਾਂ ਲੱਗਦਾ ਤਾਂ ਹੈ ਹੀ। ਪਰ ਸਾਇੰਸਦਾਨਾਂ ਨੇ ਇਸ ਦੇ ਲਈ ਅੱਖ ਦੇ ਫੋਰੇ ਦੀ ਥਾਂ At the very Instant ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਵੀਰ ਜੀ ! ਇਹ ਹੈ ਉਹ ਸਿਧਾਂਤ ਜਿਸ ਦੇ ਤੈਹਤ, ਭਾਈ ਗੁਰਦਾਸ ਜੀ ਦੇ ਲਿਖਣ ਅਨੁਸਾਰ, ਗੁਰੂ ਨਾਨਕ ਦੇਵ ਜੀ ਨੇ ਪੀਰ ਗੁਲਾਮ ਦਸਤਗੀਰ ਦੇ ਪੁੱਤਰ ਨੂੰ ਅੰਤਰ-ਗਰੈਹੀ ਸੈਰ ਅੱਖ ਦੇ ਇੱਕ ਫੋਰੇ ਵਿੱਚ ਕਰਾਈ ਜੋ ਕਿ ਕੋਈ ਕਰਾਮਾਤ ਨਹੀਂ ਸਗੋਂ ਇੱਕ ਹਕੀਕਤ ਹੈ।

ਇਹ ਜ਼ਰੂਰੀ ਨਹੀਂ ਕਿ ਐਸਾ ਸਿਰਫ ਗੁਰੂ ਨਾਨਕ ਦੇਵ ਜੀ ਹੀ ਕਰ ਸਕਦੇ ਹਨ, ਕੋਈ ਭੀ ਸ਼ਖਸ ਜੋ ਮਨ ਦੀ ਹਰਕਤ ਰੋਕ, ਆਤਮ-ਸਾਖਸ਼ਾਤਕਾਰ ਦੀ ਅਵੱਸਥਾ ਪਰਾਪਤ ਕਰ ਲੈਂਦਾ ਹੈ ਉਹ ਐਸੇ ਅੰਤਰ ਗਰੈਹੀ ਜਾਂ ਅੰਤਰ-ਲੋਕ ਸਫ਼ਰ ਆਸਾਨੀ ਨਾਲ ਕਰ ਸਕਦਾ ਹੈ। ਜਿਸ ਸਵਾਮੀ ਸ਼ਿਵਾ ਨੰਦ ਜੀ ਦਾ ਜ਼ਿਕਰ ਉਪਰ ਕੀਤਾ ਹੈ ਦਾਸ ਨੇ ਅਨੰਦ ਕੁਟੀ ਆਸ਼ਰਮ ਰਿਖੀ ਕੇਸ਼ ਵਿੱਚ, ਇੱਕ ਬਾਰ ਉਨ੍ਹਾਂ ਦੇ ਸੈਕਟਰੀ ਨਾਲ ਗੱਲਬਾਤ ਕੀਤੀ ਸੀ ਤਾਂ ਉਨ੍ਹਾਂ ਨੇ ਦੱਸਿਆ ਸੀ ਕਿ ਕਈ ਬਾਰ ਐਸਾ ਹੋਇਆ ਹੈ ਕਿ ਸਵਾਮੀ ਜੀ ਤਾਂ ਰਿਖੀ ਕੇਸ਼ ਵਿੱਚ ਹੀ ਹੁੰਦੇ ਸਨ ਪਰ ਉਨ੍ਹਾਂ ਦੇ ਕਲਕੱਤਾ, ਮਦਰਾਸ ਜਾਂ ਕਿਸੀ ਹੋਰ ਦੂਰ ਦੁਰਾਡੇ ਥਾਂ ਤੋਂ ਕਿਸੀ ਇਕੱਠ ਨੂੰ ਸੰਬੋਧਨ ਕਰਨ ਦੀ ਖਬਰ ਭੀ ਆ ਜਾਂਦੀ ਸੀ।

ਦਾਸ ਦੇ ਪਰਮ ਸਨੇਹੀ ਵੀਰ ਗਿਆਨੀ ਭਗਵਾਨ ਸਿੰਘ ਜੀ ਅੰਮ੍ਰਿਤਸਰ ਨਿਵਾਸੀ ਨੇ ਦਾਸ ਨੂੰ ਹੇਠ ਲਿਖਿਆ ਵਰਤਾਂਤ ਸੁਣਾਇਆ। ਦੱਸਦੇ ਸਨ ਕਿ ਭਾਈ ਸੇਵਾ ਸਿੰਘ ਜੀ ਜੋ ਅਜੀਤ ਨਗਰ, ਅੰਮ੍ਰਿਤਸਰ ਰਹਿੰਦੇ ਹਨ, ਇੱਕ ਦਿਨ ਸੁਲਤਾਨ ਵਿੰਡ ਵਿਖੇ ਭਾਈ ਧਰਮਿੰਦਰ ਸਿੰਘ ਜੀ ਦੇ ਘਰ ਅਖੰਡ ਪਾਠ ਤੇ ਗਏ ਹੋਏ ਸਨ, ਪਿਛੇ ਘਰ ਵਿੱਚ ਉਨ੍ਹਾਂ ਦੀ ਮਾਤਾ ਜੀ ਸਖਤ ਬੀਮਾਰ ਸਨ। ਮਾਤਾ ਜੀ ਨੇ ਆਪਣੇ ਮਨ ਵਿੱਚ ਬਾਬੂ ਮੱਲ ਸਿੰਘ ਜੀ ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਤਿ ਦੇ ਪਿਆਰੇ ਸਨ, ਦੇ ਦਰਸ਼ਨ ਕਰਨ ਦੀ ਅੰਤਰ-ਆਤਮੇ ਅਭਿਲਾਸ਼ਾ ਕੀਤੀ। ਬਾਬੂ ਜੀ ਉਸ ਵਕਤ ਆਗਰੇ ਵਿਖੇ ਆਪਣੇ ਪੁੱਤਰ ਪਾਸ ਠੈਹਰੇ ਹੋਏ ਸਨ, ਮਾਤਾ ਜੀ ਦੇ ਮਨ ਦੀ ਵਾਇਰਲੈੱਸ ਮਿਲਦੇ ਸਾਰ ਹੀ ਬਾਬੂ ਜੀ ਮਾਤਾ ਜੀ ਪਾਸ ਆ ਹਾਜ਼ਰ ਹੋਏ, ਮਾਤਾ ਜੀ ਨਾਲ ਖੂਬ ਗੱਲਾਬਾਤਾਂ ਕਰਕੇ, ਮਾਤਾ ਜੀ ਦੀ ਰੀਝ ਪੂਰੀ ਕੀਤੀ। ਮਾਤਾ ਜੀ ਨੇ ਆਪਣੇ ਪੁੱਤਰ ਭਾਈ ਸੇਵਾ ਸਿੰਘ ਜੀ ਨੂੰ ਬੁਲਾਉਣ ਲਈ ਇੱਕ ਬੰਦਾ ਭੇਜਿਆ। ਜਦੋਂ ਭਾਈ ਸੇਵਾ ਸਿੰਘ ਜੀ ਆਏ ਤਾਂ ਬਾਬੂ ਮੱਲ ਸਿੰਘ ਜੀ ਘਰੋਂ ਜਾ ਚੁੱਕੇ ਸਨ, ਪਿਛੋਂ ਆਗਰੇ ਤੋਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਬਾਬੂ ਜੀ ਉਸ ਦਿਨ ਆਗਰੇ ਹੀ ਸਨ। ਇਸ ਸੰਬੰਧ ਵਿੱਚ ਮਿਸਾਲਾਂ ਤਾਂ ਹੋਰ



www.AKJ.Org

ਭੀ ਕਈ ਦਿੱਤੀਆਂ ਜਾ ਸਕਦੀਆਂ ਹਨ ਪਰ ਸਿਧਾਂਤ ਨੂੰ ਸਮਝਣ ਲਈ ਇਹ ਦੋ ਮਿਸਾਲਾਂ ਹੀ ਕਾਫੀ ਹਨ।

ਅੰਤ ਵਿੱਚ ਉਪਰ ਬਿਆਨ ਕੀਤੀ Thought Force ਜਾਂ ਚਿੰਤਨ ਸ਼ਕਤੀ ਦੀ ਪੁਸ਼ਟੀ ਲਈ, ਅਮਰੀਕਨ ਸਾਇੰਸਦਾਨ ਰੌਬਰਟ-ਏ-ਮੋਨਰੋਏ (Robert-A-Monroe) ਦੇ, ਉਸ ਦੀ ਆਪਣੀ ਪੁਸਤਕ Journtes Out of the body ਵਿਚੋਂ, ਹੇਠ ਲਿਖੇ ਇਹ ਵੀਚਾਰ ਦੇਣੇ ਭੀ ਸ਼ਾਇਦ ਦਿਲਚਸਪੀ ਤੋਂ ਖਾਲੀ ਨਾ ਹੋਣਗੇ।

".......Throught is the well spring of existance. It is the vital creative force that produces energy, assembles Matter" into form and provides channels of perception and communication. In this environment, no mechanical supplements are found. No cars, boats, aroplanes or rockets are needed for transportation, you think movement and it is a fact. No telephones, radio, television, and other communications. Mere throught is the force that supplies any need or desire, and what you think is the matrix of your action, situation and position in the greater reality.

ਭਾਵ ਖਿਆਲ ਰਚਨਾ ਦਾ ਇੱਕ ਬੇਹਤਰ ਸੋਮਾ ਹੈ। ਇਹ ਇੱਕ ਬਹੁਤ ਜ਼ਰੂਰੀ ਰਚਨਹਾਰ ਤਾਕਤ ਹੈ ਜੋ ਸ਼ਕਤੀ ਪੈਦਾ ਕਰਦੀ ਹੈ, ਪਰਕਿਰਤੀ ਨੂੰ ਰੂਪਮਾਨ ਕਰਦੀ ਹੈ, ਅਤੇ ਅਨੁਭਵ ਤੇ ਮੇਲ ਮਿਲਾਪ ਲਈ ਸਾਧਨ ਜੁਟਾਉਂਦੀ ਹੈ। ਇਸ ਹਾਲਤ ਵਿੱਚ ਕੋਈ ਮਸ਼ੀਨੀ ਸਾਜ਼ੋ ਸਾਮਾਨ ਨਹੀਂ ਪਾਇਆ ਜਾਂਦਾ, ਆਵਾਜਾਈ ਲਈ ਕਿਸੀ ਕਾਰ, ਕਿਸ਼ਤੀ, ਹਵਾਈ ਜਹਾਜ਼ ਜਾਂ ਰੌਕਟ ਦੀ ਲੋੜ ਨਹੀਂ ਪੈਂਦੀ। ਤੁਸੀਂ ਹਰਕਤ ਬਾਰੇ ਸੋਚੋ, ਇਹ ਇੱਕ ਹਕੀਕਤ ਹੋ ਉਤਰਦੀ ਹੈ, ਟੈਲੀਫੋਨ, ਰੇਡੀਓ, ਟੈਲੀਵੀਜਨ ਅਤੇ ਮੇਲ ਮਿਲਾਪ ਦੇ ਹੋਰ ਸਾਧਨਾਂ ਦੀ ਭੀ ਇਥੇ ਕੋਈ ਕੀਮਤ ਨਹੀਂ, ਮੇਲ ਮਿਲਾਪ ਫੌਰਨ ਉਸੀ ਵੇਲੇ ਹੋ ਜਾਂਦਾ ਹੈ। ਸਿਰਫ ਖਿਆਲ ਦੀ ਹੀ ਇੱਕ ਐਸੀ ਤਾਕਤ ਹੈ ਜੋ ਕੋਈ ਭੀ ਲੋੜ ਜਾਂ ਖਾਹਸ਼ ਪੂਰੀ ਕਰ ਦਿੰਦੀ ਹੈ ਅਤੇ ਜੋ ਕੁਝ ਤੁਸੀਂ ਸੋਚਦੇ ਹੋ ਇਹ ਵਡੇਰੀ ਹਕੀਕਤ ਦੇ ਸਾਹਮਣੇ, ਤੁਹਾਡੇ ਕਾਰਜ, ਹਾਲਾਤ ਅਤੇ ਮੁਕਾਮ ਦੀ ਕੁਠਾਲੀ ਹੋ ਨਿੱਬੜਦੀ ਹੈ।

## ਅੰਮ੍ਰਿਤੁ ਵਰਖੈ ਅਨਹਦ ਬਾਣੀ

(ਇੱਕ ਪ੍ਰੇਮੀ ਵੀਰ)

ਕੀਰਤਨ ਅਖਾੜਿਆਂ ਵਿੱਚ ਅਕਸਰ ਇਹ ਦੇਖਣ ਵਿੱਚ ਆਇਆ ਹੈ ਕਿ ਸਾਡੇ ਕੀਰਤਨੀ ਵੀਰ/ਭੈਣਾਂ ਸ਼ਬਦ ਸ਼ੁਰੂ ਕਰਦੇ ਹਨ। ਫਿਰ ਉਸ ਦੀ ਕਿਸੇ ਇੱਕ ਤੁਕ ਨੂੰ ਪੜ੍ਹਨ ਤੋਂ ਬਾਅਦ ਉਸਦੇ ਨਾਲ ਮਿਲਦੀਆਂ ਜੁਲਦੀਆਂ ਤੁਕਾਂ ਹੋਰ ਸ਼ਬਦ ਵਿਚੋਂ ਪੜ੍ਹਕੇ ਸੰਗਤ ਦੇ ਸਨਮੁੱਖ ਆਪਣੀ ਵਿਦਵਤਾ ਦਾ ਇਜ਼ਹਾਰ ਕਰਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਐਸਾ ਕਰਕੇ ਉਹਨਾਂ ਨੇ ਸਤਿਗੁਰ ਸੱਚੇ ਪਾਤਸ਼ਾਹ ਦੀ ਬਾਣੀ ਨੂੰ ਦਿੱਤੀ ਤਰਤੀਬ ਨੂੰ ਖਰਾਬ ਕਰ ਦਿੱਤਾ ਹੈ। ਕਈ ਵਾਰ ਤਾਂ ਐਸੇ ਕਰਨ ਨਾਲ ਪਰਕਰਨ ਹੀ ਕਿਸੇ ਹੋਰ ਰਾਹੇ ਤੁਰ ਪੈਂਦਾ ਹੈ। ਐਸਾ ਕਰਨਾ ਕੰਨ ਰਸ ਤਾਂ ਪੈਦਾ ਕਰਦਾ ਹੈ ਪਰ ਹਰਿ ਰਸ ਨਾਲ ਨਹੀਂ ਜੋੜਦਾ। ਇੱਕ ਕੀਰਤਨ ਅਖਾੜੇ ਵਿੱਚ ਕੀਰਤਨੀ ਵੀਰ ਸ਼ਬਦ ਪੜ੍ਹ ਰਹੇ ਸਨ-

"ਕਹਿ ਕਬੀਰ ਹਉ ਭਇਆ ਉਦਾਸੁ।। ਤੀਰਥੁ ਬਡਾ ਕਿ ਹਰਿ ਕਾ ਦਾਸੁ।।" (ਪੰਨਾ ੩੩੧)

ਇਹ ਤੁਕ ਪੜ੍ਹ ਕੇ ਉਸ ਨੇ ਵਾਰ ਵਾਰ ਪੂਰੀ ਲੈਅ ਸੁਰ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ-

*"ਬੱਡਾ ਹਰਿ ਕਾ ਦਾਸੁ, ਬੱਡਾ ਹਰਿ ਕਾ ਦਾਸੁ........"*

ਐਸਾ ਕਰਨ ਨਾਲ ਇੱਕ ਤਾਂ ਉਸਨੇ ਬਾਣੀ ਦੀ ਤਰਤੀਬ ਹੀ ਵਿਗਾੜ ਦਿੱਤੀ ਜਿਸਦੇ ਖਿਲਾਫ ਸਾਡਾ ਇਤਿਹਾਸ ਸਾਨੂੰ ਸਖਤ ਤਾੜਨਾ ਕਰਦਾ ਹੈ (ਰਾਮਰਾਏ ਨੇ 'ਮਿਟੀ ਮੁਸਲਮਾਨ ਕੀ' ਦੀ ਥਾਂ ਮੁਸਲਮਾਨ ਹੁਕਮਰਾਨ ਔਰੰਗਜ਼ੇਬ ਨੂੰ ਖੁਸ਼ ਕਰਨ ਲਈ 'ਮਿਟੀ ਬੇਈਮਾਨ ਕੀ' ਕਰ ਦਿੱਤਾ ਸੀ ਤਾਂ ਗੁਰੂ ਹਰਿਰਾਏ ਸਾਹਿਬ ਨੇ ਸੰਗਤ ਨੂੰ ਇਹ ਹੁਕਮ ਕੀਤਾ ਕਿ ਉਮਰ ਪ੍ਰਯੰਤ ਉਸ ਨੂੰ ਮੂੰਹ ਨਾ ਲਾਇਆ ਜਾਵੇ)। ਦੂਜਾ ਕੀਰਤਨੀ ਵੀਰ ਨੇ ਆਪਣੀ ਸੋਝੀ ਮੁਤਾਬਿਕ ਹੀ ਨਿਰਣਾ ਲੈ ਲਿਆ ਕਿ ਵੱਡਾ ਹਰਿ ਕਾ ਦਾਸ ਜਦ ਕਿ ਸ਼ਬਦ ਵਿਚ ਸਿਰਫ ਸੁਆਲ ਕੀਤਾ ਗਿਆ ਹੈ, ਜੁਆਬ ਨਹੀਂ।

"ਅੰਮ੍ਰਿਤੁ ਵਰਖੈ ਅਨਹਦ ਬਾਣੀ" (ਪੰਨਾ ੧੦੫)

ਜੇ ਅਸੀਂ ਉਪਰੋਕਤ ਦੱਸੇ ਅਨੁਸਾਰ ਹੋਰ ਤੁਕਾਂ ਪੜ੍ਹਦੇ ਹਾਂ ਤਾਂ ਨਿਸਚੇ ਹੀ ਇਸ ਚੋ ਰਹੀ ਅੰਮ੍ਰਿਤ ਧਾਰ ਨੂੰ ਸੰਗਤਾਂ ਦੇ ਹਿਰਦੇ ਉੱਪਰ ਪੈਣ ਤੋਂ ਰੋਕਦੇ ਹਾਂ ਜਿਸ ਕਾਰਨ ਅਸੀਂ ਗੁਰੂ ਅਤੇ ਅਕਾਲਪੁਰਖ ਦੇ ਦੇਣਦਾਰ ਹਾਂ। ਭਾਵੇਂ ਅਸੀਂ ਹੋਰ ਤੁਕਾਂ ਗੁਰਬਾਣੀ ਵਿਚੋਂ ਹੀ ਪੜ੍ਹਦੇ ਹਾਂ ਪਰ ਅਸੀਂ ਗੁਰਬਾਣੀ ਦੀ ਤਰਤੀਬ ਨੂੰ ਵਿਗਾੜ ਰਹੇ ਹਾਂ ਜੋ ਕਿ ਸਿੱਖ ਲਈ ਇੱਕ ਵਿਵਰਜਿਤ ਕਰਮ ਹੈ।

ਸਾਨੂੰ ਐਸਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਸ਼ਬਦ ਪੂਰਾ ਹੋਣ ਉਪਰੰਤ ਉਸ ਸ਼ਬਦ ਦੇ ਭਾਵਾਂ ਵਾਲੇ ਹੋਰ ਸ਼ਬਦ ਪੜ੍ਹਨੇ ਚਾਹੀਦੇ ਹਨ।



www.AKJ.Org

# ਜੈਤਸਰੀ ਮਹਲਾ ੫ ਵਾਰ ਸਟੀਕ (੧)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਜੈਤਸਰੀ ਕੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਧ ਦੀ ਬਾਣੀ ਹੈ। ਇਸ ਦੀਆਂ ਕੁਲ ੨੦ ਪਉੜੀਆਂ ਹਨ। ਹਰੇਕ ਪਉੜੀ ਨਾਲ ਦੋ ਦੋ ਸਲੋਕ ਹਨ। ਹਰ ਪਹਿਲੇ ਸਲੋਕ ਦੀ ਭਾਸ਼ਾ ਸਹਸਕ੍ਰਿਤੀ ਹੈ ਅਤੇ ਹਰ ਦੂਜਾ ਸਲੋਕ ਲਹਿੰਦੀ (ਪੱਛਮੀ ਪੰਜਾਬੀ) ਭਾਸ਼ਾ ਵਿੱਚ ਹੈ। ਪਉੜੀਆਂ ਦੀ ਭਾਸ਼ਾ ਠੇਠ ਪੰਜਾਬੀ ਹੈ।

ਸਲੋਕੁ॥

ਆਦਿ ਪੂਰਨ ਮਧਿ ਪੂਰਨ
ਅੰਤਿ ਪੂਰਨ ਪਰਮੇਸੁਰਹ॥
ਸਿਮਰੰਤਿ ਸੰਤ ਸਰਬਤ੍ਰ ਰਮਣੰ
ਨਾਨਕ ਅਘ ਨਾਸਨ ਜਗਦੀਸੁਰਹ॥੧॥
ਪੇਖਨ ਸੁਨਨ ਸੁਨਾਵਨੋ
ਮਨ ਮਹਿ ਦ੍ਰਿੜੀਐ ਸਾਚੁ॥
ਪੂਰਿ ਰਹਿਓ ਸਰਬਤ੍ਰ ਮੈ
ਨਾਨਕ ਹਰਿ ਰੰਗਿ ਰਾਚੁ॥੨॥

ਉਚਾਰਣ : ਪਰਮੇਸੁਰਹ, ਜਗਦੀਸੁਰਹ-ਇਹਨਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ ਹੈ। ਦ੍ਰਿੜੀਐ-'ੜ' ਦਾ ਉਚਾਰਣ ਭਾਰ ਸਹਿਤ।

ਪਦ ਅਰਥ : ਆਦਿ-ਮੁਢ, ਅਰੰਭ। ਪੂਰਨ-ਵਿਆਪਕ। ਮਧਿ-ਵਿਚਕਾਰਲੇ ਸਮੇਂ ਵਿਚ। ਸਿਮਰੰਤਿ-ਸਿਮਰਦੇ ਹਨ। ਸੰਤ-ਸਤ-ਪੁਰਸ਼। ਸਰਬਤ੍ਰ-ਸਭਨੀਂ ਥਾਈਂ ਅਤੇ ਸਭਨਾਂ ਜੀਆਂ ਵਿੱਚ। ਰਮਣੰ-ਰਮੇ ਹੋਏ, ਵਿਆਪਕ। ਅਘ ਨਾਸਨ- ਪਾਪਾਂ ਨੂੰ ਨਾਸ ਕਰਨ ਵਾਲਾ। ਜਗਦੀਸੁਰਹ-ਜਗਤ ਦਾ ਮਾਲਕ।੧।

ਪੇਖਨ ਸੁਨਨ ਸੁਨਾਵਨੋ-ਵੇਖਣਾ, ਸੁਣਨਾ ਅਤੇ ਸੁਣਾਉਣਾ। ਮਹਿ-ਵਿਚ। ਦ੍ਰਿੜੀਐ-ਸ਼ਰਧਾ ਤੇ ਭਰੋਸੇ ਨਾਲ ਧਾਰਨ ਕਰੀਏ। ਸਾਚੁ-ਸਦਾ ਥਿਰ (ਵਾਹਿਗੁਰੂ)। ਪੂਰਿ ਰਹਿਓ-ਵਿਆਪਕ ਹੋਇਆ ਪਿਆ ਹੈ। ਮੈ-ਵਿਚ। ਹਰਿ ਰੰਗਿ ਰਾਚੁ-ਪ੍ਰਭੂ ਦੇ ਪ੍ਰੇਮ-ਰੰਗ ਵਿਚ ਰਚਿਆ ਮਿਚਿਆ ਰਹੁ।੨।

ਅਰਥ : ਪਰਮੇਸ਼ਰ ਸ੍ਰਿਸ਼ਟੀ ਦੇ ਅਰੰਭ ਵਿੱਚ ਹੀ ਵਿਆਪਕ ਸੀ, ਵਿਚਕਾਰਲੇ ਸਮੇਂ (ਵਰਤਮਾਨ) ਵਿਚ ਵੀ ਵਿਆਪਕ ਹੈ ਅਤੇ ਸ੍ਰਿਸ਼ਟੀ ਦੇ ਅੰਤ ਵਿਚ ਵੀ ਵਿਆਪਕ ਹੋਵੇਗਾ (ਭਾਵ, ਉਸ ਦੀ ਸਰਬ-ਵਿਆਪਕਤਾ ਸਰਬ-ਕਾਲੀ ਹੈ)।

ਨਾਨਕ ! ਸਭਨੀਂ ਥਾਈਂ ਅਤੇ ਸਭਨਾਂ ਜੀਵ-ਜੰਤੂਆਂ ਵਿਚ ਰਮੇ ਹੋਏ (ਵਿਆਪਕ) ਪ੍ਰਭੂ ਨੂੰ ਸਤ-ਪੁਰਸ਼ (ਸਦੀਵਕਾਲ) ਸਿਮਰਦੇ ਰਹਿੰਦੇ ਹਨ। ਉਹ ਜਗਤ ਦਾ ਮਾਲਕ ਅਤੇ ਪਾਪਾਂ ਦੇ ਨਾਸ ਕਰਨ ਵਾਲਾ ਹੈ।੧।

(ਸੰਸਾਰ ਵਿਚ ਵਿਚਰਦਿਆਂ) ਵੇਖਣਾ, ਸੁਣਨਾ ਅਤੇ ਸੁਣਾਉਣਾ (ਤਾਂ ਹੀ ਸਾਰਥਕ ਅਤੇ ਸਫ਼ਲ ਹੈ ਜੇ) ਮਨ ਵਿੱਚ ਸਦਾ-ਥਿਰ ਪ੍ਰਭੂ ਨੂੰ ਪੂਰਨ ਦ੍ਰਿੜ੍ਹਤਾ (ਸ਼ਰਧਾ ਅਤੇ ਭਰੋਸੇ) ਨਾਲ ਧਾਰਨ ਕੀਤਾ ਜਾਵੇ।

ਨਾਨਕ ! ਜੋ ਹਰੀ ਸਭਨੀਂ ਥਾਈਂ ਅਤੇ ਸਭਨਾਂ ਜੀਵ-ਜੰਤੂਆਂ ਵਿਚ ਵਿਆਪਕ ਹੋਇਆ ਪਿਆ ਹੈ, ਉਸ ਦੇ ਪਿਆਰ-ਰੰਗ ਵਿੱਚ ਰਚਿਆ ਮਿਚਿਆ ਰਹੁ।੨।

ਪਉੜੀ॥

ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥੧॥

ਉਚਾਰਣ : ਸਮਰਥ-'ਥ' ਦਾ ਉਚਾਰਣ ਇਸ ਦੀ ਧੁਨੀ ਨੂੰ ਦੁੱਤ ਕਰ ਕੇ। ਬ੍ਰਹਮੰਡ-'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਦਰੁਸਤ ਨਹੀਂ।

ਪਦ ਅਰਥ : ਏਕੁ ਨਿਰੰਜਨੁ-ਮਾਇਆ ਦੀ ਕਾਲਖ ਤੋਂ ਨਿਰਲੇਪ ਕੇਵਲ ਇੱਕ (ਵਾਹਿਗੁਰੂ) ਨੂੰ। ਸਭ ਅੰਤਰਿ-ਸਭਨਾਂ (ਜੀਵ-ਜੰਤੂਆਂ) ਵਿੱਚ। ਕਰਣ ਕਾਰਣ-ਜਗਤ ਦਾ ਰਚਨਹਾਰ। ਸਮਰਥ-ਸਰਬ ਕਲਾ ਸ਼ਕਤੀਮਾਨ। ਥਾਪਿ-ਉਸਾਰਦਾ ਹੈ। ਉਥਾਪਦਾ-ਢਾਹੁੰਦਾ ਹੈ। ਤਿਸੁ-ਉਸ (ਹਰੀ)। ਖੰਡ-ਬ੍ਰਹਮੰਡ ਦੇ ਹਿੱਸੇ। ਬ੍ਰਹਮੰਡ-ਸਮੁੱਚਾ ਜਗਤ। ਪਾਤਾਲ-ਧਰਤੀ ਦਾ ਥਲੜਾ ਪਾਸਾ। ਦੀਪ-ਟਾਪੂ, ਜਜ਼ੀਰੇ। ਰਵਿਆ-ਵਿਆਪ ਰਿਹਾ ਹੈ। ਸਭ ਲੋਈ-ਸਾਰੀ ਜਗਤ-ਰਚਨਾ ਵਿੱਚ।੧।

ਅਰਥ : ਕੇਵਲ ਉਸੇ ਹਰੀ ਨੂੰ ਗਾਉਣਾ ਚਾਹੀਦਾ ਹੈ ਜੋ ਮਾਇਆ ਦੀ ਕਾਲਖ ਤੋਂ ਨਿਰਲੇਪ ਹੈ, (ਪਰ ਇਸ ਦੇ ਬਾਵਜੂਦ) ਸਭਨਾਂ ਜੀਵ-ਜੰਤੂਆਂ ਵਿਚ ਓਹੀ (ਵਸਦਾ) ਹੈ।

ਉਹ ਪ੍ਰਭੂ ਸੰਸਾਰ ਨੂੰ ਰਚਣ ਦੇ ਸਮਰੱਥ ਹੈ, ਜੋ ਕੁਝ ਉਹ ਕਰਨਾ ਚਾਹੁੰਦਾ ਹੈ ਓਹੀ ਵਾਪਰਦਾ ਹੈ।

ਓਹ ਹੀ ਪਲ ਭਰ ਵਿੱਚ ਸਭ ਕਾਸੇ ਨੂੰ ਉਸਾਰਦਾ ਅਤੇ ਢਾਹੁੰਦਾ ਹੈ, ਉਸ ਬਿਨਾਂ ਹੋਰ ਕੋਈ ਹੈ ਹੀ ਨਹੀਂ।

ਬ੍ਰਹਮੰਡ (ਸਾਰੇ ਜਗਤ) ਦੇ ਸਾਰੇ ਹਿੱਸਿਆਂ (ਦੇਸਾਂ), ਧਰਤੀ ਦੇ ਥਲੜੇ ਪਾਸਿਆਂ, ਟਾਪੂਆਂ (ਜਜ਼ੀਰਿਆਂ) ਅਤੇ ਸਾਰੀ ਜਗਤ-ਰਚਨਾ ਵਿੱਚ ਵਿਆਪਕ ਹੈ।

ਜਿਸ ਸੁਭਾਗੇ ਮਨੁੱਖ ਨੂੰ ਆਪ (ਆਪਣੀ ਸਰਬ-ਵਿਆਪਕਤਾ, ਸਰਬ ਸਮਰੱਥਾ ਅਤੇ ਨਿਰਲੇਪਤਾ ਦੀ) ਸੂਝ ਸਮਝ ਬਖਸ਼ਦਾ ਹੈ ਉਹੀ (ਮਨੁੱਖ) ਪਵਿੱਤਰ (ਹੁੰਦਾ) ਹੈ।੧।

ਸਲੋਕ॥

ਰਚੰਤਿ ਜੀਅ ਰਚਨਾ
ਮਾਤ ਗਰਭ ਅਸਥਾਪਨੰ॥



www.AKJ.Org

ਸਾਸਿ ਸਾਸਿ ਸਿਮਰੰਤਿ, ਨਾਨਕ
ਮਹਾ ਅਗਨਿ ਨ ਬਿਨਾਸਨੰ।।੧।।
ਮੁਖੁ ਤਲੈ ਪੈਰ ਉਪਰੇ
ਵਸੰਦੋ ਕੁਹਥੜੈ ਥਾਇ।।
ਨਾਨਕ, ਸੋ ਧਣੀ ਕਿਉ ਵਿਸਾਰਿਓ
ਉਧਰਹਿ ਜਿਸ ਦੈ ਨਾਇ।।੨।।ਜਿਸ ਦੈ ਨਾਇ।

ਉਚਾਰਣ : ਜੀਅ-ਅੰਤਲੇ 'ਅ' ਦੀ ਧੁਨੀ ਉਲਾਰ ਹੋ ਕੇ 'ਆ' ਦੀ ਧੁਨੀ ਨਾ ਬਣੇ। ਕੁਹਥੜੈ-ਇਸ ਸ਼ਬਦ ਦਾ ਅਰੰਭਕ ਅੱਖਰ 'ਕੁ' ਇਸ ਦਾ ਮੂਲਕ ਭਾਗ ਹੈ, ਵਿਰੋਧ-ਅਰਥਕ ਅਗੇਤਰ ਨਹੀਂ, ਸੋ, ਇਸ ਦਾ ਉਚਾਰਣ 'ਕੁ+ਹਥੜੈ' ਕਰਨਾ ਠੀਕ ਨਹੀਂ।

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿੱਤਾ ਗਿਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਮਹਾ-ਪ੍ਰਬਲ। ਥਾਇ-ਥਾਂ ਤੇ। ਕਿਉ-ਕਾਹਦੇ ਲਈ ? ਨਾਇ-ਨਾਮ ਦੁਆਰਾ। ਉਧਰਹਿ-ਤੂੰ ਬਚਦਾ ਹੈਂ।

ਪਦ ਅਰਥ : ਰਚੰਤਿ-ਤੂੰ ਵਸਦਾ ਸੀ। ਕੁਹਥੜੈ-ਕੁਹਥਰੇ, ਗੰਦੇ। ਧਣੀ-ਮਾਲਕ। ਵਿਸਾਰਿਓ-ਤੂੰ ਵਿਸਾਰ ਦਿੱਤਾ ਹੈ। ਉਧਰਹਿ-ਤੂੰ ਬਚਦਾ ਹੈਂ। ਨਾਇ-ਨਾਮ ਦੁਆਰਾ।੨।

ਅਰਥ : (ਪਰਮੇਸ਼ਰ) ਹਰੇਕ ਜੀਵ ਦੀ ਰਚਨਾ ਕਰਦਾ ਹੈ ਅਤੇ (ਉਸ ਨੂੰ) ਮਾਂ ਦੀ ਕੁੱਖ ਵਿਚ ਸਥਾਪਤ ਕਰਦਾ (ਟਿਕਾਉਂਦਾ) ਹੈ।

ਨਾਨਕ ! (ਮਾਂ ਦੇ ਗਰਭ ਵਿੱਚ ਜੀਵ ਉਸ ਪਰਮੇਸ਼ਰ ਨੂੰ) ਸੁਆਸ ਸੁਆਸ ਸਿਮਰਦਾ ਰਹਿੰਦਾ ਹੈ, (ਇਸ ਲਈ ਜਠਰ-ਮਾਂ ਦੇ ਪੇਟ ਦੀ) ਪ੍ਰਬਲ ਅੱਗ (ਉਸ ਦਾ) ਨਾਸ ਨਹੀਂ ਕਰ ਸਕਦੀ।੧।

(ਹੇ ਜੀਵ ! ਮਾਂ ਦੇ ਗਰਭ ਵਿੱਚ ਤੇਰਾ) ਮੂੰਹ ਥਲੇ ਅਤੇ ਪੈਰ ਉਪਰ ਸਨ। (ਭਾਵ, ਤੂੰ ਪੁੱਠਾ ਲਟਕਿਆ ਹੋਇਆ ਸੀ) ਅਤੇ ਤੂੰ ਗੰਦੇ ਥਾਂ ਤੇ ਵਸਦਾ ਸੈਂ।

ਸਲੋਕ ਦੇ ਅੰਤ ਵਿੱਚ 'ਨਾਨਕ' ਮੁਹਰ-ਛਾਪ ਲਾ ਕੇ ਸਤਿਗੁਰੂ ਜੀ ਜੀਵ-ਮਾਤਰ ਤੋਂ ਪੁੱਛ ਕਰਦੇ ਹਨ, ਹੇ ਜੀਵ ! ਜਿਸ ਦੇ ਨਾਮ (ਸਿਮਰਨ) ਦੁਆਰਾ ਤੂੰ (ਮਾਂ ਦੇ ਪੇਟ ਦੀ ਜਠਰ-ਅਗਨੀ ਤੋਂ) ਬਚਿਆ ਅਤੇ ਹੁਣ ਸੰਸਾਰ ਦੀ ਤ੍ਰਿਸ਼ਨਾ-ਅਗਨੀ ਤੋਂ ਬਚ ਸਕਦਾ ਹੈਂ, ਉਹ ਮਾਲਕ ਤੂੰ ਕਿਉਂ ਵਿਸਾਰ ਛਡਿਆ ਹੈ ?।੨।

ਪਉੜੀ।।

ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ।।
ਉਰਧ ਮੁਖੁ ਕੁਚੀਲੁ ਬਿਕਲੁ ਨਰਕਿ ਘੋਰਿ ਗੁਬਾਰਿ।।
ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰਧਾਰਿ।।
ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ।।
ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ।।੨।।

ਉਚਾਰਣ : ਹੇਠਾਂ ਦਿੱਤੇ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਗਏ ਹਨ :

ਜਲਹਿ-ਤੂੰ ਨਹੀਂ ਸੜੇਂਗਾ। ਥਾਨਹੁ-ਥਾਂ ਤੋਂ। ਨਾਹਿ-ਨਹੀਂ। ਜਾਸਹਿ-ਤੂੰ ਜਾਏਂਗਾ।

ਪਦ ਅਰਥ : ਰਕਤੁ-ਲਹੂ (ਮਾਂ ਦਾ)। ਬਿੰਦੁ-ਵੀਰਜ (ਪਿਤਾ ਦਾ)। ਨਿੰਮਿਆ-ਪੁੰਗਰਿਆ, ਉਪਜਿਆ। ਅਗਨਿ-ਅਗਨੀ। ਉਦਰ-ਪੇਟ। ਮਝਾਰਿ-ਵਿਚ। ਉਰਧੁ ਮੁਖੁ-ਮੂਧਾ (ਉਲਟਾ) ਮੂੰਹ। ਕੁਚੀਲ-ਗੰਦੀ (ਥਾਵੇਂ) ਬਿਕਲੁ-ਵਿਆਕੁਲ, ਬੇਚੈਨ। ਨਰਕਿ ਘੋਰਿ-ਅਤਿ ਭਿਆਨਕ ਨਰਕ ਵਿੱਚ। ਗੁਬਾਰਿ-ਅੰਧਕਾਰ ਵਿੱਚ। ਨਾ ਜਲਹਿ-ਨਹੀਂ ਸੜੇਂਗਾ। ਉਰਧਾਰਿ-ਧਾਰਨ ਕਰ, ਦ੍ਰਿੜ੍ਹ ਨਿਸਚਾ ਕਰ (ਇਹ ਜੁੜਤ ਪਦ ਹੈ। ਜੇ ਇਸ ਦੇ ਵਿਚਕਾਰਲੇ 'ਰ' ਨੂੰ ਵੀ ਸਿਹਾਰੀ ਲੱਗੀ ਹੋਵੇ, ਭਾਵ, ਇਸ ਦਾ ਰੂਪ 'ਉਰਿ ਧਾਰਿ' ਹੋਵੇ ਤਾਂ ਇਸ ਦਾ ਉਚਾਰਣ ਪਦ ਛੇਦ ਰੂਪ ਵਿੱਚ ਕੀਤਾ ਜਾਣਾ ਉਚਿਤ ਹੈ। ਉਸ ਹਾਲਤ ਵਿੱਚ ਇਸ ਦਾ ਅਰਥ 'ਹਿਰਦੇ ਵਿੱਚ ਧਾਰਨ ਕਰ' ਬਣਦਾ ਹੈ।) ਬਿਖਮੁ ਥਾਨਹੁ-ਔਖੇ ਥਾਂ ਤੋਂ। ਜਿਨਿ-ਜਿਸ ਨੇ। ਤਿਲੁ-ਰਤਾ ਭਰ, ਪਲ ਭਰ। ਬਿਸਰਤ-ਭੁਲਿਆਂ। ਜਾਸਹਿ-ਤੂੰ ਜਾਏਂਗਾ।੨।

ਅਰਥ : (ਹੇ ਜੀਵ ! ਤੂੰ) (ਮਾਂ ਦੀ) ਰੱਤ (ਲਹੂ) ਅਤੇ (ਪਿਤਾ ਦੇ) ਵੀਰਜ ਦੇ ਸੁਮੇਲ ਤੋਂ (ਮਾਂ ਦੇ) ਪੇਟ ਦੀ ਅਗਨੀ ਵਿੱਚ ਉਪਜਿਆ।

(ਮਾਂ ਦੇ ਪੇਟ ਰੂਪੀ) ਘੋਰ ਨਰਕ ਅਤੇ ਅੰਧਕਾਰ ਵਿੱਚ ਮੂਧੇ ਮੂੰਹ ਕੁਚੀਲ ਥਾਵੇਂ (ਗੰਦਗੀ ਵਿੱਚ) ਪਿਆ ਤੂੰ ਅਤਿ ਵਿਆਕੁਲ ਸੈਂ।

ਹਰੀ ਪ੍ਰਭੂ ਦਾ ਸਿਮਰਨ ਕਰਦਿਆਂ ਤੂੰ (ਮਾਂ ਦੇ ਪੇਟ ਦੀ ਜਠਰ-ਅਗਨੀ ਵਿੱਚ ਨਹੀਂ ਸੜਿਆ ਅਤੇ ਹੁਣ ਸੰਸਾਰ ਦੀ ਤ੍ਰਿਸ਼ਨਾ-ਅੱਗ ਵਿੱਚ) ਨਹੀਂ ਸੜੇਂਗਾ। (ਗਫ਼ਲਤ ਨਾ ਕਰ, ਉਸ ਹਰੀ ਦੇ ਸਿਮਰਨ ਨੂੰ) ਮਨ ਅਤੇ ਤਨ ਵਿੱਚ (ਨਿਰੰਤਰ) ਧਾਰਨ ਕਰੀਂ ਰੱਖ।

(ਜਿਸ ਰਖਵਾਲੇ ਪ੍ਰਭੂ ਨੇ) ਐਨੇ ਔਖੇ ਥਾਂ ਤੋਂ ਬਚਾਇਆ ਹੈ, ਉਸ ਨੂੰ ਪਲ ਭਰ ਵੀ ਨਾ ਭੁਲਾਅ।

ਪ੍ਰਭੂ ਨੂੰ ਭੁਲਿਆਂ ਸੁਖ ਕਦੇ ਵੀ ਨਹੀਓਂ ਮਿਲਣਾ। (ਪ੍ਰਭੂ ਨੂੰ ਵਿਸਾਰ ਕੇ) ਅਮੋਲਕ ਮਨੁੱਖਾ ਜਨਮ (ਦੀ ਬਾਜ਼ੀ) ਹਾਰ ਜਾਏਂਗਾ।੨।



www.AKJ.Org

# ਤੂੰ ਸ਼ਰਾਬ ਛੱਡ ਦੇ : ਗਰੀਬੀ ਤੈਨੂੰ ਛੱਡ ਜਾਵੇਗੀ

(ਭਾਈ ਸੇਵਾ ਸਿੰਘ, ਰਾਮਪੁਰ ਖੇੜਾ)

ਸ: ਗਿਆਨ ਸਿੰਘ ਜੀ ਗੁਰਦਾਸਪੁਰ ਨਿਵਾਸੀ ਭਾਖੜਾ ਡੈਮ ਤੇ ਨੌਕਰੀ ਕਰਦੇ ਸਨ। ਜਿੱਥੇ ਆਪ ਦਾ ਸੱਚਾ ਸੁੱਚਾ ਮਿਹਨਤੀ ਜੀਵਨ ਸੀ, ਉਥੇ ਨਾਲ ਸ਼ਰਾਬ ਪੀਣ ਦਾ ਸੁਭਾਅ ਜੋ ਪ੍ਰਪੱਕ ਹੋ ਚੁੱਕਾ ਸੀ ਉਹ ਸਾਰੀ ਕੀਤੀ ਖੂਨ-ਪਸੀਨੇ ਦੀ ਕਮਾਈ ਨੂੰ ਆਪਣੇ ਘਰ ਵਿੱਚ ਸਮੇਟੀ ਜਾ ਰਿਹਾ ਸੀ। ਮਹੀਨੇ ਬਾਅਦ ਘਰ ਆਉਣਾ, ਘਰ ਵਾਲਿਆਂ ਨੂੰ ਗੁਜ਼ਾਰੇ ਜੋਗੇ ਪੈਸੇ ਦੇ ਜਾਣੇ, ਬਾਕੀ ਖੂਹ ਦੀ ਮਿੱਟੀ ਖੂਹ ਨੂੰ ਹੀ ਲਾਈ ਜਾਣੀ। ਕਾਫ਼ੀ ਸਮਾਂ ਇਹ ਸਿਲਸਿਲਾ ਜਾਰੀ ਰਿਹਾ। ਸਮਾਂ ਲੰਘਦਾ ਗਿਆ। ਡੈਮ ਦਾ ਕੰਮ ਵੀ ਸਮਾਪਤ ਹੋਣ ਤੇ ਆ ਗਿਆ। ਸ: ਗਿਆਨ ਸਿੰਘ ਜੀ ਕੰਮ ਛੱਡ ਕੇ ਮੁੜ ਗੁਰਦਾਸਪੁਰ ਆ ਗਏ ਤੇ ਆਪਣਾ ਵੈਲਡਿੰਗ ਦਾ ਕੰਮ ਸ਼ੁਰੂ ਕਰ ਲਿਆ। ਗਾਹਕ ਵੀ ਆਉਂਦੇ, ਕੰਮ ਵੀ ਚਲਦਾ, ਮਾਇਆ ਵੀ ਗੁਜ਼ਾਰੇ ਜੋਗੀ ਕਮਾ ਲੈਂਦੇ ਪਰ ਸ਼ਰਾਬ ਦਾ ਐਬ ਜੋ ਪੱਕੀ ਆਦਤ ਬਣ ਕੇ ਚੰਬੜਿਆ ਸੀ, ਉਹ ਸਾਰੀ ਬਰਕਤ ਨੂੰ ਖਈ ਰੋਗ ਵਾਂਗ ਆਪਣੇ ਵਿੱਚ ਜਜ਼ਬ ਕਰੀ ਜਾਂਦਾ ਸੀ। ਕਈ ਵਾਰ ਆਪ ਨੇ ਸ਼ਰਾਬ ਨੂੰ ਤਿਆਗਣ ਦਾ ਮਨ ਬਣਾਇਆ ਪਰ ਮਨ ਫੇਰ ਡੋਲ ਜਾਂਦਾ। ਇੱਕ ਪ੍ਰੇਮੀ ਨੇ ਆਪ ਨੂੰ ਕਿਹਾ ਕਿ ਗਿਆਨ ਸਿੰਘਾ ! ਤੂੰ ਕੰਮ ਵੀ ਏਨਾ ਕਰਦਾ ਹੈ, ਗਾਹਕ ਵੀ ਕਾਫ਼ੀ ਆਉਂਦੇ ਹਨ ਪਰ ਤੇਰੇ ਘਰ ਦਾ ਹਾਲ ਉਥੇ ਦਾ ਉਥੇ ਹੀ ਹੈ। ਕੋਈ ਚੰਗਾ ਮਕਾਨ ਬਣਾ ਲੈ, ਬੱਚੇ ਜਵਾਨ ਹੋਣ ਵਾਲੇ ਹਨ, ਇਹਨਾਂ ਦੇ ਕਾਰ ਵਿਹਾਰ ਵੀ ਕਰਨੇ ਹਨ ਪਰ ਨਾ ਤਾਂ ਤੂੰ ਨੌਕਰੀ ਸਮੇਂ, ਤੇ ਨਾ ਹੁਣ ਹੀ ਘਰ ਵਿੱਚ ਕੋਈ ਇੱਟ ਲਾਈ ਹੈ। ਪਹਿਲੇ ਵਾਲੇ ਬਾਲੇ, ਛਤੀਰਾਂ ਦੀ ਰਿਪੇਅਰ ਤੱਕ ਹੀ ਸੀਮਤ ਨਾ ਰੱਖ। ਸ: ਗਿਆਨ ਸਿੰਘ ਨੇ ਉਸ ਹਮਦਰਦੀ ਮਿੱਤਰ ਪਾਸ ਆਪਣਾ ਦੁੱਖ ਫੋਲਿਆ ਕਿ ਮਿੱਤਰਾ ਤੈਨੂੰ ਪਤਾ ਹੀ ਹੈ ਕਿ ਭਾਵੇਂ ਮੈਨੂੰ ਆਮਦਨ ਕਾਫ਼ੀ ਹੈ ਪਰ ਇਹ ਜੋ ਮੈਨੂੰ ਇੱਕ ਭੈੜੀ ਲਾਅਨਤ ਲੱਗ ਚੁੱਕੀ ਹੈ ਮੈਂ ਚਾਹੁੰਦਾ ਹੋਇਆ ਵੀ ਇਸ ਤੋਂ ਛੁੱਟ ਨਹੀਂ ਸਕਦਾ। ਉਸ ਪ੍ਰੇਮੀ ਨੇ ਕਿਹਾ, ਮੈਂ ਤੈਨੂੰ ਦੱਸਦਾ ਹਾਂ ਜੇ ਤੂੰ ਮੇਰਾ ਕਹਿਣਾ ਮੰਨੇ ਤਾਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਗੜ੍ਹਦੀਵਾਲਾ ਦੇ ਨਜ਼ਦੀਕ ਇੱਕ ਸਿੱਖ ਸਾਧੂ ਹਨ, ਤੁਸੀਂ ਉਹਨਾਂ ਪਾਸ ਜਾਵੋ ਜੋ ਉਹ ਕਹਿਣ ਉਸ ਤੇ ਪਹਿਰਾ ਦਿਉ। ਉਹ ਪੂਰਨ ਮਹਾਤਮਾ ਹਨ।

ਸ: ਗਿਆਨ ਸਿੰਘ ਨੇ ਆਪਣੇ ਹਮਦਰਦੀ ਮਿੱਤਰ ਨੂੰ ਉੱਤਰ ਦਿੱਤਾ, ਛੱਡ ਯਾਰ, ਬਥੇਰੇ ਸਾਧ ਦੇਖੇ ਹਨ। ਸਭ ਆਪੋ ਆਪਣੀ ਰੋਟੀ ਦੀ ਕਮਾਈ ਦਾ ਸਾਧਨ ਬਣਾ ਕੇ ਬੈਠੇ ਹਨ। ਸ਼ਰਾਬ ਤਾਂ ਮੈਂ ਪੀਂਦਾ ਹਾਂ, ਕੀ ਸੰਤ ਮੇਰੇ ਹੱਥੋਂ ਗਲਾਸੀ ਖੋਹ ਲੈਣਗੇ ? ਜਿੰਨਾ ਚਿਰ ਮੇਰਾ ਮਨ ਹੀ ਇਸ ਨੂੰ ਛੱਡਣ ਦਾ ਨਹੀਂ ਬਣਦਾ, ਉਨਾਂ ਚਿਰ ਕੋਈ ਮੇਰੀ ਸ਼ਰਾਬ ਕਿਵੇਂ ਛੁਡਾ ਦੇਵੇਗਾ ? ਉਸ ਹਮਦਰਦੀ ਮਿੱਤਰ ਨੇ ਜੋ ਅੰਮ੍ਰਿਤਧਾਰੀ ਸੀ, ਮੁੜ ਗਿਆਨ ਸਿੰਘ ਨੂੰ ਕਿਹਾ ਕਿ ਗਿਆਨ ਸਿੰਘ ਜਾਣ ਦਾ ਕੀ ਹਰਜ਼ ਹੈ ? ਤੂੰ ਉਨ੍ਹਾਂ ਨੂੰ ਸੱਚੀ ਗੱਲ ਕਹਿ ਕੇ ਬੇਨਤੀ ਕਰ ਦੇਵੀਂ, ਜੇ ਤੇਰਾ ਮਨ ਮੰਨਿਆ, ਉਹਨਾਂ ਦੀ ਗੱਲ ਮੰਨ ਲਵੀਂ, ਨਹੀਂ ਤੇ ਮੁੜ ਆਪਣੇ ਘਰ ਆ ਜਾਵੀਂ ਪਰ ਸ: ਗਿਆਨ ਸਿੰਘ ਜੀ ਆਪਣੀ ਗੱਲ ਤੇ ਅੜੇ ਰਹੇ। ਕਹਿਣ ਲੱਗੇ ਕਿ ਸੰਤਾਂ ਨੇ ਵੀ ਤਾਂ ਇਹ ਹੀ ਕਹਿਣਾ ਹੈ ਕਿ ਤੂੰ ਸ਼ਰਾਬ ਨਾ ਪੀਆ ਕਰ ਤੇ ਮੈਂ ਉਹਨਾਂ ਨੂੰ ਕੀ ਕਹਾਂਗਾ ਕਿ ਨਹੀਂ ਪੀਵਾਂਗਾ ? ਜੇ ਨਾ ਪੀਣ ਦਾ ਬਚਨ ਕਰ ਲਿਆ ਤਾਂ ਮੈਂ ਦੋਹਰੇ ਪਾਪ ਦਾ ਭਾਗੀ ਬਣਾਂਗਾ। ਸੋ ਛੱਡ ਯਾਰ, ਜੇ ਰੱਬ ਨੇ ਆਪੇ ਛੁਡਾਉਣੀ ਹੋਵੇਗੀ, ਛੁਡਾ ਦੇਵੇਗਾ। ਉਹ ਮਿੱਤਰ ਕਹਿਣ ਲੱਗਾ, ਗਿਆਨ ਸਿੰਘ ! ਜਿਵੇਂ ਤੂੰ ਹੁਣ ਹੀ ਕਿਹਾ ਹੈ ਕਿ ਕੀ ਸੰਤ ਮੇਰੇ ਹੱਥੋਂ ਗਲਾਸੀ ਖੋਹ ਲੈਣਗੇ, ਕੀ ਹੁਣ ਤੂੰ ਇਹ ਚਾਹੁੰਦਾ ਹੈਂ ਕਿ ਰੱਬ ਤੇਰੇ ਹੱਥੋਂ ਗਲਾਸੀ ਖੋਵ੍ਹੇ ? ਵੇਖੀ ! ਜੇ ਰੱਬ ਨੇ ਹੱਥੋਂ ਗਲਾਸੀ ਖੋਹੀ ਤਾਂ ਬਹੁਤ ਮਹਿੰਗੀ ਪੈਣੀ ਹੈ। ਸੋ ਭਰਾ ਐਵੇਂ ਹੁੱਜਤਾਂ ਨਾ ਪੜ੍ਹ, ਇੱਕ ਵਾਰੀ ਉਥੇ ਜਾ ਤਾਂ ਆ। ਸ: ਗਿਆਨ ਸਿੰਘ ਨੇ ਕਿਹਾ ਕਿ ਚੰਗਾ ਭਰਾ ਮੈਂ ਤੇਰੀ ਗੱਲ ਹੀ ਮੰਨ ਲੈਂਦਾ ਹਾਂ, ਕਿਸੇ ਦਿਨ ਐਤਵਾਰ ਨੂੰ ਜਾ ਆਵਾਂਗਾ। ਸੰਤਾਂ ਨੇ ਸ਼ਰਾਬ ਛੁਡਾ ਦਿੱਤੀ ਤਾਂ ਟੱਬਰ ਦਾ ਭਲਾ ਹੋ ਜਾਊ। ਨਾ ਕੋਈ ਬਿਧ ਬਣੀ ਤਾਂ ਜਿਵੇਂ ਗੱਡੀ ਚੱਲਦੀ ਹੈ, ਚੱਲੀ ਜਾਊ। ਇਸ ਤਰ੍ਹਾਂ ਦੀ ਵਾਰਤਾਲਾਪ ਉਪਰੰਤ ਉਹ ਪ੍ਰੇਮੀ ਆਪਣੇ ਘਰ ਚਲਾ ਗਿਆ। ਇਧਰ ਉਸ ਪ੍ਰੇਮੀ ਦੇ ਕਹੇ ਵਾਕ ਸ: ਗਿਆਨ ਸਿੰਘ ਦੇ ਅੰਦਰ ਗੇੜਾ ਖਾਣ ਲੱਗੇ। ਐਤਵਾਰ ਦਾ ਦਿਨ ਵੀ ਨੇੜੇ ਹੀ ਸੀ। ਆਪ ਨੇ ਐਤਵਾਰ ਵਾਲੇ ਦਿਨ ਰਾਮਪੁਰ ਖੇੜੇ ਜਾਣਾ ਦਾ ਪ੍ਰੋਗਰਾਮ ਬਣਾ ਲਿਆ।

ਗਰਮੀਆਂ ਦੇ ਦਿਨ ਸਨ। ਸ: ਗਿਆਨ ਸਿੰਘ ਜੀ ਸਾਈਕਲ ਤੇ ਸਵਾਰ ਹੋ ਕੇ ਦਰਿਆ ਬਿਆਸ ਦੇ ਨੁਸ਼ਹਿਰਾ ਪੱਤਣ ਤੇ ਪੁੱਜੇ। ਬੇੜੀ ਰਾਹੀਂ ਆਪ ਪਰਲੇ ਕੰਢੇ ਉੱਤਰ ਕੇ,



www.AKJ.Org

ਮੁੜ ਸਾਈਕਲ ਤੇ ਸਵਾਰ ਹੋ ਕੇ 24-25 ਮੀਲ ਦਾ ਪੰਧ ਸਾਈਕਲ ਤੇ ਕਰਦੇ ਹੋਏ ਦੁਪਹਿਰ ਸਮੇਂ ਗੁਰਦੁਆਰਾ ਸਾਹਿਬ ਪੁੱਜੇ। ਬਾਹਰ ਨਲਕੇ ਤੇ ਮੂੰਹ ਹੱਥ ਧੋਤਾ ਤੇ ਥੋੜ੍ਹੀ ਦੂਰ ਸਾਈਕਲ ਖੜ੍ਹਾ ਕਰਕੇ, ਆਪ ਜੀ ਜਿੱਥੇ ਸੰਗਤ ਦਰੀ ਤੇ ਬੈਠੀ ਸੀ, ਦੂਰੋਂ ਹੀ ਸੰਗਤ ਦੇ ਦਰਸ਼ਨ ਕੀਤੇ ਤੇ ਗੁਰੂ ਮਹਰਾਜ ਜੀ ਦੇ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਸਰੀਰ ਨੂੰ ਪੱਖੇ ਦੀ ਹਵਾ ਲਵਾਈ ਤੇ ਅੰਦਰ ਬੈਠੇ ਹੀ ਬਾਹਰ ਦਰੀ ਤੇ ਬੈਠੇ ਬਾਬਾ ਜੀ ਤੇ ਸੰਗਤ ਵੱਲ ਵੇਖਿਆ। ਉਸ ਸੰਗਤ ਵਿਚੋਂ ਹੁਣ ਆਪ ਨੂੰ ਸੰਤਾਂ ਨੂੰ ਸਿਆਨਣਾ ਔਖਾ ਹੋ ਗਿਆ ਕਿ ਇਸ ਸੰਗਤ ਵਿੱਚ ਸੰਤ ਕਿਹੜੇ ਹਨ ? ਕਿਉਂਕਿ ਗਰਮੀ ਕਾਰਨ ਬਾਬਾ ਜੀ ਨੇ ਛੋਟੀ ਕੇਸਕੀ ਸਜਾਈ ਹੋਈ ਸੀ ਤੇ ਆਮ ਸਿੰਘਾਂ ਵਾਲਾ ਹੀ ਪਹਿਰਾਵਾ ਪਹਿਨਿਆ ਹੋਇਆ ਸੀ।

ਸ: ਗਿਆਨ ਸਿੰਘ ਦੇ ਮਨ ਵਿੱਚ ਖਿਆਲ ਸੀ ਕਿ ਸੰਤ ਕਿਸੇ ਤਖਤਪੋਸ਼ ਤੇ ਗਦੇਲਾ ਲਾ ਕੇ ਸੁੰਦਰ ਆਸਨ ਵਿਛਾ ਕੇ ਬੈਠੇ ਹੋਣਗੇ ਤੇ ਇੱਕ ਦੋ ਸੇਵਾਦਾਰ ਪੱਖਾ ਝੱਲਦੇ ਹੋਣਗੇ ਤੇ ਇੱਕ ਦੋ ਅਰਦਲ ਵਿੱਚ ਖੜ੍ਹੇ ਹੋਣਗੇ। ਸੰਤ ਤਾਂ ਦੂਰ ਤੋਂ ਹੀ ਪਛਾਣੇ ਜਾਂਦੇ ਹਨ ਪਰ ਇਥੇ ਤਾਂ ਸਾਰੇ ਸੰਗਤ ਰੂਪ ਵਿੱਚ ਹੀ ਦਰੀ ਤੇ ਬੈਠੇ ਹਨ ਤੇ ਮੈਨੂੰ ਅਜੇ ਤੱਕ ਵੀ ਸੰਤਾਂ ਦੀ ਸਿਆਣ ਨਹੀਂ ਹੋ ਰਹੀ। ਇਸ ਤਰ੍ਹਾਂ ਦੀਆਂ ਵੀਚਾਰਾਂ ਸ: ਗਿਆਨ ਸਿੰਘ ਦੇ ਮਨ ਵਿੱਚ ਚਲ ਰਹੀਆਂ ਸਨ। ਭਾ: ਅਮਰ ਸਿੰਘ ਨੇ ਸ: ਗਿਆਨ ਸਿੰਘ ਨੂੰ ਮਹਾਰਾਜ ਜੀ ਦੇ ਕਮਰੇ ਵਿੱਚ ਬੈਠਿਆਂ ਨੂੰ ਪ੍ਰਸ਼ਾਦ ਦਿੱਤਾ ਅਤੇ ਜਲ ਪਾਣੀ ਪੁਛਿਆ। ਸ: ਗਿਆਨ ਸਿੰਘ ਨੇ ਅਮਰ ਸਿੰਘ ਨੂੰ ਸਹਿਜੇ ਨਾਲ ਪੁੱਛਿਆ ਕਿ ਭਾਈ ਸਾਹਿਬ ਸੰਤ ਜੀ ਕਿਤੇ ਬਾਹਰ ਗਏ ਹਨ ? ਅਮਰ ਸਿੰਘ ਨੇ ਕਿਹਾ ਕਿ ਨਹੀਂ, ਬਾਬਾ ਜੀ ਬਾਹਰ ਸੰਗਤ ਵਿੱਚ ਦਰੀ ਤੇ ਬੈਠੇ ਹਨ ਤੇ ਬਾਬਾ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਔਹ ਜੋ ਗੋਲ ਕੇਸਕੀ ਸਜਾਈ ਬੈਠੇ ਹਨ ਤੇ ਗਲ ਵਿੱਚ ਕਾਲੇ ਗਾਤਰੇ ਵਾਲੀ ਕ੍ਰਿਪਾਨ ਹੈ, ਇਹ ਸੰਤ ਹਨ। ਸ: ਗਿਆਨ ਸਿੰਘ ਭਾਈ ਅਮਰ ਸਿੰਘ ਦੇ ਦੱਸਣ ਤੇ ਬਾਬਾ ਜੀ ਵੱਲ ਗਏ ਤੇ ਜਾ ਕੇ ਉਹਨਾਂ ਨੂੰ ਮੱਥਾ ਟੇਕਣ ਲੱਗੇ। ਆਪ ਨੇ ਸ: ਗਿਆਨ ਸਿੰਘ ਦੇ ਸਿਰ ਹੇਠ ਹੱਥ ਕਰਕੇ ਰੋਕ ਦਿੱਤਾ ਤੇ ਸੰਗਤ ਨਾਲ ਜੋ ਵੀਚਾਰ ਚੱਲ ਰਹੀ ਸੀ, ਵਿੱਚੇ ਛੱਡ ਕੇ ਕਹਿਣ ਲੱਗੇ ਕਿ ਹੁਣ ਹੋਰ ਮੱਥਾ ਟੇਕਣ ਦੀ ਕਸਰ ਰਹਿੰਦੀ ਹੈ ? ਜਿਹਨਾਂ ਨੂੰ ਮੱਥਾ ਟੇਕਣਾ ਸੀ, ਨਮਸਕਾਰ ਕਰਨੀ ਬਣਦੀ ਸੀ, ਉਥੇ ਤਾਂ ਤੁਸੀਂ ਮੱਥਾ ਟੇਕ ਆਏ ਹੋ, ਹੁਣ ਹੋਰ ਕਿਸੇ ਦੇਹਧਾਰੀ ਨੂੰ ਮੱਥਾ ਟੇਕਣ ਦੀ ਲੋੜ ਨਹੀਂ। ਗੁਰਸਿੱਖ ਨੂੰ ਆਪਣੇ ਪੈਰਾਂ ਤੇ ਖਲੋਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਸਾਨੂੰ ਸਭ ਤੋਂ ਸ੍ਰੇਸ਼ਟ ਫ਼ਤਹਿ ਬਖਸ਼ਿਸ਼ ਕੀਤੀ ਹੈ। ਜਦੋਂ ਵੀ ਇੱਕ ਦੂਜੇ ਨੂੰ ਮਿਲੀਏ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਹੀ ਬੁਲਾਉਣੀ ਚਾਹੀਦੀ ਹੈ।

ਬਾਬਾ ਜੀ ਨੇ ਆਪ ਨੂੰ ਪੁੱਛਿਆ ਕਿ ਆਪ ਜੀ ਕਿੱਥੋਂ ਆਏ ਹੋ ? ਗਿਆਨ ਸਿੰਘ ਨੇ ਕਿਹਾ ਕਿ ਗੁਰਦਾਸਪੁਰ ਤੋਂ ਆਇਆ ਹਾਂ। ਬੱਸ ਤੇ ਜਾਂ ਸਾਈਕਲ ਤੇ ਆਏ ਹੋ ? ਜੀ, ਧੁਰੋਂ ਹੀ ਸਾਈਕਲ ਤੇ ਆਇਆ ਹਾਂ। ਬਾਬਾ ਜੀ ਨੇ ਕਿਹਾ ਕਿ ਆਪ ਜੀ ਨੂੰ ਬਹੁਤ ਖੇਚਲ ਹੋਈ ਹੈ। ਜਲ ਪਾਣੀ ਛੱਕੋ ਤੇ ਲੰਗਰ ਵੀ ਤਿਆਰ ਹੈ, ਛਕ ਲਵੋ, ਫਿਰ ਗੱਲਬਾਤ ਕਰਾਂਗੇ। ਸ: ਗਿਆਨ ਸਿੰਘ ਜੀ ਲੰਗਰ ਛੱਕਣ ਬੈਠ ਗਏ ਤੇ ਮਨ ਵਿੱਚ ਬੜੇ ਹੈਰਾਨ ਸਨ ਕਿ ਇਹ ਕਿਹੋ ਜਿਹੇ ਸੰਤ ਹਨ ? ਸੰਤਾਂ ਨੂੰ ਤਾਂ ਮੱਥਾ ਨਾ ਟੇਕੋ ਤਾਂ ਉਹ ਆਏ ਪ੍ਰੇਮੀ ਨੂੰ ਸਿੱਧੇ ਮੂੰਹ ਬੁਲਾਉਂਦੇ ਹੀ ਨਹੀਂ, ਜਲ-ਪਾਣੀ ਪੁੱਛਣਾ ਤਾਂ ਇੱਕ ਪਾਸੇ ਰਿਹਾ। ਸੰਤਾਂ ਨੇ ਤਾਂ ਜੋ ਬੁਰਾ ਮਨਾਉਣਾ ਹੈ ਉਹ ਤਾਂ ਜੁਦੀ ਗੱਲ ਹੈ, ਉਹਨਾਂ ਤੇ ਸ਼ਰਧਾਲੂ ਹੀ ਸੰਤਾਂ ਨੂੰ ਮੱਥਾ ਨਾ ਟੇਕਣ ਵਾਲੇ ਦੀ ਨਿਸ਼ਾ ਕਰਾ ਦਿੰਦੇ ਹਨ ਕਿ ਤੁਹਾਨੂੰ ਮਹਾਂਪੁਰਖਾਂ ਦਾ ਸਤਿਕਾਰ ਕਰਨਾ ਨਹੀਂ ਆਉਂਦਾ। ਜੇ ਸੰਤਾਂ ਪਾਸੋਂ ਕੁੱਛ ਲੈਣਾ ਹੈ ਤਾਂ ਪਹਿਲਾਂ ਮਹਾਂਪੁਰਖਾਂ ਦਾ ਸਤਿਕਾਰ ਕਰਨਾ ਸਿੱਖੋ। ਪਰ ਇਥੇ ਉਲਟੀ ਗੱਲ ਹੈ, ਮੱਥਾ ਟੇਕਣ ਵਾਲੇ ਨੂੰ ਮਿੱਠੀਆਂ ਮਿੱਠੀਆਂ ਝਿੜਕਾਂ ਪੈਂਦੀਆਂ ਹਨ। ਇਹ ਤਾਂ ਜ਼ਿੰਦਗੀ ਦਾ ਪਹਿਲਾਂ ਤਜ਼ਰਬਾ ਹੈ। ਇਨ੍ਹਾਂ ਵੀਚਾਰਾਂ ਵਿੱਚ ਆਪ ਨੇ ਪ੍ਰਸ਼ਾਦਾ ਛਕਿਆ ਤੇ ਮਨ ਵਿੱਚ ਵੀ ਕੁੱਝ ਪਤੀਜਣਾ ਬਣ ਗਈ। ਪ੍ਰਸ਼ਾਦਾ ਛੱਕ ਕੇ ਆਪ ਜੀ ਸੰਗਤ ਵਿੱਚ ਬੈਠ ਗਏ ਤੇ ਚਲ ਰਹੀਆਂ ਗੁਰਮਤਿ ਵੀਚਾਰਾਂ ਨੂੰ ਸ੍ਰਵਣ ਕੀਤਾ।

ਥੋੜ੍ਹੀ ਦੇਰ ਬਾਅਦ ਬਾਬਾ ਜੀ ਨੇ ਸ: ਗਿਆਨ ਸਿੰਘ ਨੂੰ ਆਉਣ ਦਾ ਕਾਰਨ ਪੁੱਛਿਆ ਕਿ ਤੁਸੀਂ ਬੜੀ ਦੂਰੋਂ ਧੁੱਪੇ ਚੱਲ ਕੇ ਆਏ ਹੋ, ਦੱਸੋ ਕੀ ਹੁਕਮ ਹੈ ? ਆਪ ਨੇ ਕਿਹਾ ਕਿ ਬਾਬਾ ਜੀ, ਮੈਂ ਆਪ ਨਾਲ ਵੱਖਰੇ ਹੋ ਕੇ ਗੱਲ ਕਰਨੀ ਹੈ। ਥੋੜ੍ਹੇ ਚਿਰ ਬਾਅਦ ਸੰਗਤ ਤੁਰ ਗਈ। ਆਪ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਕਿ ਬਾਬਾ ਜੀ ਮੈਂ ਪਹਿਲਾਂ ਨੌਕਰੀ ਵੀ ਕੀਤੀ ਹੈ, ਹੁਣ ਆਪਣਾ ਕੰਮ ਸ਼ੁਰੂ ਕੀਤਾ ਹੈ, ਗਾਹਕ ਵੀ ਆਉਂਦੇ ਹਨ ਪਰ ਮਾਇਆ ਟਿਕਦੀ ਨਹੀਂ। ਘਰ ਵਿੱਚ ਗਰੀਬੀ ਦਾ ਦਲਿਦ੍ਰ ਪਇਆ ਹੋਇਆ ਹੈ। ਅਜੇ ਘਰ ਵੀ ਨਹੀਂ ਬਣਾਇਆ। ਬੱਚੇ ਵੀ ਜਵਾਨ ਹੋਣ ਵਾਲੇ ਹਨ। ਉਹਨਾਂ ਦੇ ਕਾਰਜ ਵੀ ਕਰਨੇ ਹਨ।

ਬਾਬਾ ਜੀ ਨੇ ਗਿਆਨ ਸਿੰਘ ਜੀ ਦੀ ਗੱਲ ਬੜੇ



www.AKJ.Org

ਗੌਰ ਨਾਲ ਸੁਣੀ। ਥੋੜ੍ਹਾ ਚੁੱਪ ਕਰਕੇ ਬਚਨ ਕੀਤਾ ਸਰਦਾਰ ਜੀ ! ਤੁਹਾਡਾ ਨਾਂਉ ਕੀ ਹੈ ? ਜੀ, ਗਿਆਨ ਸਿੰਘ।" ਜੇ ਤੂੰ ਸਾਡਾ ਬਚਨ ਮੰਨੇ, ਗੁਜ਼ਾਰਾ ਤਾਂ ਕੀ ਮਾਇਆ ਤੇਰੇ ਮਗਰ-ਮਗਰ ਆਵੇਗੀ। 'ਜੀ ਕੀ ਹੁਕਮ ਹੈ ?' ਬੱਸ ਇਕੋ ਬੇਨਤੀ ਹੈ, "ਤੂੰ ਸ਼ਰਾਬ ਛੱਡ ਦੇਹ, ਗਰੀਬੀ ਦਾ ਦਲਿਦ੍ਰ ਤੈਨੂੰ ਛੱਡ ਜਾਵੇਗਾ।" ਗਿਆਨ ਸਿੰਘ ਨੇ ਸੋਚਿਆ ਕਿ ਉਹੋ ਗੱਲ ਹੋਈ ਨਾ, ਕੀ ਮੈਂ ਹੁਣ ਹਾਂ ਕਰਾਂ ਜਾਂ ਨਾਂਹ ਕਰਾਂ। ਅਖੀਰ ਸੋਚ ਕੇ ਆਪ ਨੇ ਕਿਹਾ, ਬਾਬਾ ਜੀ ਮੈਂ ਛੱਡਣੀ ਤਾਂ ਚਾਹੁੰਦਾ ਹਾਂ ਪਰ ਮੈਥੋਂ ਛੱਡ ਨਹੀਂ ਹੁੰਦੀ। ਬਾਬਾ ਜੀ ਕਹਿਣ ਲੱਗੇ, "ਸ਼ਰਾਬ ਨੇ ਤੇਰਾ ਇਸ ਤਰ੍ਹਾਂ ਪਿੱਛਾ ਨਹੀਂ ਛੱਡਣਾ, ਤੁਸੀਂ ਗੁਰੂ ਦੀ ਸ਼ਰਨ ਗ੍ਰਹਿਣ ਕਰੋ। ਸ਼ਰਨ ਗ੍ਰਹਿਣ ਕਰਨ ਤੋਂ ਪਹਿਲਾਂ ਹਰ ਰੋਜ਼ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰੋ ਤੇ ਜਦੋਂ ਇਹ ਨਿਯਮ ਪੱਕ ਜਾਵੇ ਫਿਰ ਪੂਰਾ ਨਿੱਤਨੇਮ ਸ਼ੁਰੂ ਕਰ ਦੇਵੋ ਤੇ ਅੱਜ ਤੋਂ ਹੀ ਇਹ ਪ੍ਰਣ ਕਰ ਲਵੋ ਤੇ ਹਰ ਰੋਜ਼ ਗੁਰਦੁਆਰੇ ਜਾ ਕੇ ਗੁਰੂ ਮਹਾਰਾਜ "ਗੁਰੂ ਗ੍ਰੰਥ ਸਾਹਿਬ" ਅੱਗੇ ਜਾ ਕੇ ਅਰਦਾਸ ਕਰਿਆ ਕਰੋ ਕਿ ਸਤਿਗੁਰੂ ਜੀ ! ਇਸ ਲਾਅਨਤ ਤੋਂ ਮੇਰਾ ਪਿੱਛਾ ਛਡਾਵੋ। ਜਦੋਂ ਆਪਣਾ ਬਲ ਕੁੱਝ ਨਾ ਸਾਰੇ, ਉਦੋਂ ਸਤਿਗੁਰੂ ਜੀ ਦੀ ਓਟ ਆਸਰਾ ਲਿਆਂ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਸੋ ਤਕੜੇ ਹੋਕੇ ਅੱਜ ਤੋਂ ਹੀ ਪ੍ਰਣ ਕਰਕੇ ਜਾਵੋ ਕਿ ਇਸ ਦੇ ਨੇੜੇ ਨਹੀਂ ਜਾਣਾ।" ਸ: ਗਿਆਨ ਸਿੰਘ ਜੀ ਸੁਣੀ ਗਏ ਤੇ ਬਾਅਦ ਵਿੱਚ ਪੁੱਛਿਆ ਕਿ ਬਾਬਾ ਜੀ ! ਸ਼ਰਨ ਕਿਸ ਤਰ੍ਹਾਂ ਗ੍ਰਹਿਣ ਕਰਨੀ ਹੈ ? ਤਾਂ ਆਪ ਜੀ ਨੇ ਦੱਸਿਆ ਕਿ ਜਦੋਂ ਤੁਸੀਂ ਸੱਤਾਂ ਬਾਣੀਆਂ ਦਾ ਨਿੱਤਨੇਮ ਕਰਨ ਲੱਗ ਪਏ ਤੇ ਸ਼ਰਾਬ ਛੱਡ ਦਿੱਤੀ ਫਿਰ ਅੰਮ੍ਰਿਤ ਛੱਕ ਲੈਣਾ, ਇਹ ਹੀ ਗੁਰੂ ਜੀ ਦੀ ਸ਼ਰਨ ਗ੍ਰਹਿਣ ਕਰਨ ਦਾ ਤਰੀਕਾ ਹੈ।

ਗਿਆਨ ਸਿੰਘ ਜੀ ਸੁਣ ਕੇ ਚੁੱਪ ਕਰ ਗਏ ਤੇ ਮਨ ਵਿੱਚ ਸੋਚਣ ਲੱਗੇ ਕਿ ਸ਼ਰਾਬ ਛੱਡਣ ਤੋਂ ਪਿਛੋਂ ਹੋਰ ਬੰਧਨ ਵਿੱਚ ਪੈਣਾ ਪਵੇਗਾ, ਹਰ ਰੋਜ਼ ਨਿੱਤਨੇਮ ਕਰਨਾ ਪਵੇਗਾ, ਰਹਿਤਾਂ ਰੱਖਣੀਆਂ ਪੈਣਗੀਆਂ, ਇਹ ਤਾਂ ਲੰਮਾ ਤਰੀਕਾ ਹੈ। ਇਹਨਾਂ ਵੀਚਾਰਾਂ ਵਿੱਚ ਪਏ ਹੀ ਆਪ ਨੇ ਪੁੱਛਿਆ ਕਿ ਬਾਬਾ ਜੀ ! ਕੀ ਅੰਮ੍ਰਿਤ ਛਕੇ ਤੋਂ ਬਿਨਾਂ ਨਹੀਂ ਸਰੇਗਾ ? ਤੁਹਾਡੇ ਕਹਿਣ ਮੁਤਾਬਕ ਮੈਂ ਨਿੱਤਨੇਮ ਕਰ ਲਿਆ ਕਰਾਂਗਾ ਤੇ ਸ਼ਰਾਬ ਛੱਡਣ ਦਾ ਵੀ ਯਤਨ ਕਰਾਂਗਾ। ਬਾਬਾ ਜੀ ਜਲਾਲ ਵਿੱਚ ਆਏ ਤੇ ਕਹਿਣ ਲੱਗੇ, "ਗਿਆਨ ਸਿੰਘਾ ! ਅਸੀਂ ਤੇਰੇ ਲੋਕ ਪ੍ਰਲੋਕ ਸਵਾਰਨਾ ਚਾਹੁੰਦੇ ਹਾਂ। ਸ਼ਰਾਬ ਛੱਡਣ ਤੇ ਬਾਣੀ ਪੜ੍ਹਨ ਨਾਲ ਇਥੇ ਕਾਰੋਬਾਰ ਵਿੱਚ ਤਾਂ ਬਰਕਤ ਪੈ ਜਾਵੇਗੀ ਪਰ ਫਿਰ ਇੱਥੇ ਕਿੰਨਾ ਕੁ ਚਿਰ ਇਸ ਮਾਇਆ ਤੋਂ ਸੁੱਖ ਲਈ ਜਾਵੇਂਗਾ ?" ਆਖਰ ਨੂੰ :

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ।।

(ਸਿਰੀ ਰਾਗੁ ਮ: ੫, ਪੰਨਾ ੫੦-੫੧)

ਤਥਾ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ।।

(ਆਸਾ ਦੀ ਵਾਰ, ਪਉੜੀ, ਪੰਨਾ ੪੭੪)

ਸਭਨਾਂ ਨੇ ਅੱਗੇ ਜਾਣਾ ਹੈ। ਜੇ ਅਸੀਂ ਕਿਸੇ ਦੇ ਹੋ ਕੇ ਇਥੋਂ ਜਾਵਾਂਗੇ, ਉਹ ਸਾਡੀ ਸਾਰ ਵੀ ਲਵੇਗਾ ਤੇ ਜੇ ਆਪਾਂ ਨਿਗੁਰੇ ਹੀ ਚਲੇ ਗਏ, ਸਤਿਗੁਰਾਂ ਨੇ ਤਾਂ ਨਿਗੁਰੇ ਦਾ ਨਾਂ ਵੀ ਮਾੜਾ ਲਿਖਿਆ ਹੈ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ<br>
ਨਿਗੁਰੇ ਕਾ ਹੈ ਨਾਉ ਬੁਰਾ ।।੧੩।।

(ਆਸਾ ਮ: ੩ ਪਟੀ, ਪੰਨਾ ੪੩੫)

ਆਪਾਂ ਸਮਝੀਏ ਜਾਂ ਨਾ, ਸਤਿਗੁਰੂ ਜੀ ਨੇ ਤਾਂ ਸਾਨੂੰ ਸਮਝਾਉਣ ਦੀ ਕੋਈ ਕਸਰ ਨਹੀਂ ਛੱਡੀ। ਸਤਿਗੁਰੂ ਜੀ ਇਸ ਤੋਂ ਵੱਧ ਸਾਨੂੰ ਹੋਰ ਕੀ ਕਹਿ ਸਕਦੇ ਹਨ :

ਸਤਿਗੁਰ ਬਾਝੁ ਨ ਪਾਇਓ<br>
ਸਭ ਥਕੀ ਕਰਮ ਕਮਾਇ ਜੀਉ ।।੧੩।।

(ਸਿਰੀ ਰਾਗੁ ਮ: ੧, ਪੰਨਾ ੭੨)

ਜੇ ਆਪਾਂ ਗੁਰੂ ਦੇ ਹੋ ਜਾਈਏ ਤੇ ਗੁਰੂ ਨੂੰ ਆਪਣਾ ਬਣਾ ਲਈਏ ਫਿਰ ਤਾਂ :

ਜਾਮਿ ਗੁਰੂ ਹੋਇ ਵਲਿ<br>
ਧਨਹਿ ਕਿਆ ਗਾਰਵੁ ਦਿਜਇ ।।<br>
ਜਾਮਿ ਗੁਰੂ ਹੋਇ ਵਲਿ<br>
ਲਖ ਬਾਹੇ ਕਿਆ ਕਿਜਇ ।।<br>
ਜਾਮਿ ਗੁਰੂ ਹੋਇ ਵਲਿ<br>
ਗਿਆਨ ਅਰੁ ਧਿਆਨ ਅਨਨ ਪਰਿ ।।<br>
ਜਾਮਿ ਗੁਰੂ ਹੋਇ ਵਲਿ<br>
ਸਬਦੁ ਸਾਖੀ ਸੁ ਸਚਹ ਘਰਿ ।।<br>
ਸੋ ਗੁਰੂ ਗੁਰੂ ਅਹਿਨਿਸਿ ਜਪੈ<br>
ਦਾਸੁ ਭਟੁ ਬੇਨਤਿ ਕਹੈ ।।<br>
ਜੋ ਗੁਰੂ ਨਾਮੁ ਰਿਦ ਮਹਿ ਧਰੈ<br>
ਸੋ ਜਨਮ ਮਰਣ ਦੁਹ ਥੇ ਰਹੈ ।।੩।।

(ਸਵਈਏ ਮ: ਚਉਥੇ ਕੇ, ਪੰਨਾ ੧੩੯੯)

ਸੋ ਜਦੋਂ ਤੁਸੀਂ ਇਸ ਰਸਤੇ ਦੇ ਧਾਰਨੀ ਬਣ ਗਏ, ਗੁਰੂ ਮਿਹਰ ਨਾਲ ਇਸ ਰਸਤੇ ਦਾ ਰੰਗ ਹੀ ਵੱਖਰਾ ਹੈ। ਗੁਰੂ ਦੀ ਸ਼ਰਨ ਆਇਆ ਤਾਂ ਪਾਪਾਂ ਨਾਲ ਸੜ-ਬਲ ਕੇ



www.AKJ.Org

ਮਨੂਰ ਹੋਇਆ ਮਨ ਵੀ ਸੋਨਾ ਬਣ ਜਾਂਦਾ ਹੈ। ਇਹ ਸਭ ਗੁਰੂ ਸ਼ਰਨ ਵਿੱਚ ਆ ਕੇ ਨਾਮ ਅੰਮ੍ਰਿਤ ਪ੍ਰਾਪਤ ਕਰਨ ਨਾਲ ਫਲ ਪ੍ਰਾਪਤ ਹੁੰਦੇ ਹਨ।

ਜਿਹਨਾਂ ਨੂੰ ਗੁਰੂ ਦੀ ਸਾਰ ਲੱਗੀ ਹੈ, ਜਿਹਨਾਂ ਨੂੰ ਸੋਝੀ ਆਈ ਹੈ ਕਿ ਗੁਰੂ ਦੀ ਸ਼ਰਨ ਆਉਣ ਨਾਲ ਕੀ ਕੁੱਝ ਮਿਲ ਸਕਦਾ ਹੈ, ਉਹਨਾਂ ਦੀ ਬਾਣੀ ਪੜ੍ਹ ਲਵੋ ਕਿਵੇਂ ਪੁਕਾਰ ਪੁਕਾਰ ਕੇ ਕਹਿੰਦੇ ਹਨ :

ਕਚਹੁ ਕੰਚਨੁ ਭਇਅਉ
ਸਬਦੁ ਗੁਰ ਸ੍ਰਵਣਹਿ ਸੁਣਿਓ।।
ਬਿਖੁ ਤੇ ਅੰਮ੍ਰਿਤੁ ਹੁਯਉ
ਨਾਮੁ ਸਤਿਗੁਰ ਮੁਖਿ ਭਣਿਅਉ।।
ਲੋਹਉ ਹੋਯਉ ਲਾਲੁ
ਨਦਰਿ ਸਤਿਗੁਰੁ ਜਦਿ ਧਾਰੈ।।
ਪਾਹਣ ਮਾਣਕ ਕਰੈ ਗਿਆਨੁ
ਗੁਰ ਕਹਿਅਉ ਬੀਚਾਰੈ।।
ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ
ਦੁਖ ਦਰਿਦ੍ਰ ਤਿਨ ਕੇ ਗਇਅ।।
ਸਤਿਗੁਰੂ ਚਰਨ ਜਿਨ ਪਰਸਿਆ
ਸੇ ਪਸੁ ਪਰੇਤ ਸੁਰਿ ਨਰ ਭਇਅ।।

(ਸਵਈਏ ਮ: ੪, ਪੰਨਾ ੧੩੯੯)

ਸੋ ਗਿਆਨ ਸਿੰਘ ਜੀ ! ਐਵੇਂ ਮਨ ਦੀ ਉਧੇੜ ਬੁਣ ਵਿੱਚ ਨਾ ਪਵੋ ਕਿਉਂਕਿ ਮਨ ਸੀਮਤ ਸੋਝੀ ਵਾਲਾ ਹੈ। ਗੁਰੂ ਦੀ ਅਗਵਾਈ ਨੂੰ ਆਪਣਾ ਜੀਵਨ ਅਧਾਰ ਬਣਾਵੋ। ਤੁਸੀਂ ਏਡੀ ਦੂਰੋਂ ਚੱਲ ਕੇ ਵੀ ਆਏ ਹੋ, ਜੇ ਕੋਈ ਮਾੜੀ ਗੱਲ ਛੱਡੀ ਨਾ, ਤੇ ਚੰਗੀ ਗ੍ਰਹਿਣ ਨਾ ਕੀਤੀ ਫਿਰ ਤਾਂ ਸਵਾਏ ਪੈਂਡਾ ਮਾਰਨ ਤੋਂ ਕੁੱਝ ਵੀ ਪੱਲੇ ਨਾ ਪਿਆ। ਸੋ ਤਕੜੇ ਹੋਵੋ, ਤੁਹਾਡੇ ਤਕੜੇ ਹੋਣ ਦੀ ਲੋੜ ਹੈ, ਸਹਾਇਤਾ ਤਾਂ ਗੁਰੂ ਨੇ ਕਰਨੀ ਹੈ।

ਬਾਬਾ ਜੀ ਦੇ ਪ੍ਰੇਮ ਭਰੇ ਕਮਾਈ ਵਾਲੇ ਬਚਨ ਸੁਣ ਕੇ ਗਿਆਨ ਸਿੰਘ ਜੀ ਨੇ ਹਾਂ ਕਰ ਦਿੱਤੀ। ਰਾਤ ਰਹੇ ਤੇ ਸ਼ਾਮ-ਸਵੇਰ ਦੇ ਨਿੱਤਨੇਮ ਵਿੱਚ ਹਾਜ਼ਰੀ ਭਰੀ ਤੇ ਸੰਗਤ ਦਾ ਹੋਰ ਲਾਹਾ ਲੈ ਕੇ ਮੁੜ ਸਵੱਖਤੇ ਹੀ ਆਪਣੇ ਵਤਨਾ ਨੂੰ ਪਰਤ ਗਏ। ਘਰ ਜਾ ਕੇ ਬਾਬਾ ਜੀ ਦਾ ਦੱਸਿਆ ਨਿਯਮ ਸ਼ੁਰੂ ਕਰ ਦਿੱਤਾ। ਜਦੋਂ ਸ਼ਾਮ ਪਵੇ, ਮਨ ਵਿੱਚ ਥੋੜ੍ਹੀ ਢਹਿੰਦੀ ਕਲਾ ਆਵੇ ਪਰ ਫਿਰ ਬਾਬਾ ਜੀ ਦੇ ਬਚਨ ਯਾਦ ਆਉਣ ਕਿ ਤੂੰ ਸ਼ਰਾਬ ਛੱਡ ਦੇਹ, ਗਰੀਬੀ ਦਾ ਦਲਿਦ੍ਰ ਤੈਨੂੰ ਛੱਡ ਜਾਵੇਗਾ। ਜੇ ਮੈਂ ਘਰ ਸ਼ਰਾਬ ਰੱਖਾਂ ਤੇ ਪੀਵਾਂ ਫਿਰ ਬਾਬਾ ਜੀ ਦੇ ਬਚਨ ਅਨੁਸਾਰ ਗਰੀਬੀ ਦੂਰ ਨਹੀਂ ਹੋਣੀ। ਫਿਰ ਮਨ ਹੌਂਸਲਾ ਧਾਰ ਕੇ ਤਕੜਾ ਹੋ ਜਾਵੇ ਕਿ ਥੋੜ੍ਹਾ ਚਿਰ ਛੱਡ ਕੇ ਵੇਖ ਲੈ, ਕਿਹੜਾ ਜਾਨ ਨਿਕਲ ਚੱਲੀ ਹੈ। ਜੇ ਸੰਤਾਂ ਦੇ ਬਚਨ ਨੇ ਥੋੜ੍ਹੇ ਮਹੀਨਿਆਂ ਵਿੱਚ ਕੁਝ ਨਾ ਸਾਰਿਆ ਫਿਰ ਪੀਣ ਲੱਗ ਜਾਵੀਂ। ਪਹਿਲੇ ਕੁੱਝ ਦਿਨ ਤਾਂ ਔਖ ਹੋਈ। ਹਰ ਰੋਜ਼ ਬਾਣੀ ਪੜ੍ਹਨ, ਗੁਰੂ ਦਰ ਅਰਦਾਸ ਕਰਨ ਨਾਲ, ਮਨ ਵਿੱਚ ਦ੍ਰਿੜ੍ਹਤਾ ਆਉਣੀ ਸ਼ੁਰੂ ਹੋ ਗਈ। ਕੁੱਝ ਉਸ ਪ੍ਰੇਮੀ ਦੀ ਸੰਗਤ ਦਾ ਸਹਾਰਾ, ਹਰ ਰੋਜ਼ ਢਹਿੰਦੇ ਮਨ ਨੂੰ ਖੜ੍ਹਾ ਕਰ ਦਿਆ ਕਰੇ। 15-20 ਦਿਨਾਂ ਬਾਅਦ ਆਪ ਜੀ ਬਾਬਾ ਜੀ ਦੇ ਦਰਸ਼ਨ ਕਰਨ ਆ ਜਾਇਆ ਕਰਨ। ਗੱਲ ਕੀ ਥੋੜ੍ਹੇ ਮਹੀਨਿਆਂ ਵਿੱਚ ਹੀ ਕੰਮ ਵਧਣ ਲੱਗ ਪਿਆ। ਮਾਇਆ ਵਿੱਚ ਬਰਕਤ ਪੈਣੀ ਸ਼ੁਰੂ ਹੋ ਗਈ। ਘਰ ਵਾਲੇ ਵੀ ਖੁਸ਼ ਕਿ ਸਾਡੇ ਘਰ ਵਿਚੋਂ ਤਾਂ ਸਤਿਗੁਰੂ ਜੀ ਨੇ ਦਲਿਦ੍ਰ ਕੱਢਿਆ ਹੈ। ਬੱਚੇ ਜੋ ਹਰ ਸਮੇਂ ਸਹਿਮੇ ਸਹਿਮੇ ਰਹਿੰਦੇ ਸਨ ਕਿ ਭਾਈਆ ਜੀ ਨੇ ਪੀ ਕੇ ਘਰ ਆ ਜਾਣਾ ਹੈ ਤੇ ਸਾਰੇ ਦਿਨ ਦੇ ਕੰਮ ਦਾ ਥਕੇਵਾਂ ਸਾਡੇ ਤੇ ਹੀ ਲਾਹੁਣਾ ਹੈ, ਹੁਣ ਖੁਸ਼ ਨਜ਼ਰ ਆਉਣ ਲੱਗ ਪਏ। ਪਹਿਲੇ ਦਿਨਾਂ ਵਿੱਚ ਭਾਈਆ ਜੀ ਦੇ ਆਉਣ ਨਾਲ ਬੱਚਿਆਂ ਨੇ ਅੰਦਰ ਲੁੱਕ ਜਾਣਾ, ਹੁਣ ਉਸਦੇ ਉਲਟ ਜਦੋਂ ਭਾਈਆ ਜੀ ਨੇ ਆਉਣਾ ਤਾਂ ਉਹਨਾਂ ਕੋਲ ਜਾ ਕੇ ਆਪ ਪਿਆਰ ਲੈਣਾ ਤੇ ਉਹਨਾਂ ਨਾਲ ਪਿਆਰ ਕਰਨਾ। ਇੰਜ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਕਿ ਘਰ ਦਾ ਨਰਕ ਸਵਰਗ ਵਿੱਚ ਬਦਲ ਗਿਆ, ਸਹਿਮ ਖੁਸ਼ੀ ਵਿੱਚ ਤਬਦੀਲ ਹੋ ਗਿਆ, ਗਰੀਬੀ ਅਮੀਰੀ ਵਿੱਚ ਬਦਲਦੀ ਨਜ਼ਰ ਆਉਣ ਲੱਗੀ।

ਕਾਫ਼ੀ ਸਮਾਂ ਆਪਣੇ ਪ੍ਰਣ ਤੇ ਕਾਇਮ ਰਿਹਾਂ ਬਤੀਤ ਹੋਇਆ। ਇੱਕ ਦਿਨ ਸ: ਗਿਆਨ ਸਿੰਘ ਨੇ ਕੁਸੰਗਤ ਦੀ ਪ੍ਰੇਰਨਾ ਅਧੀਨ ਸ਼ਰਾਬ ਪੀ ਲਈ। ਜ਼ਰਾ ਕੁ ਸ਼ਰਾਬ ਦਾ ਨਸ਼ਾ ਘਟਿਆ ਤਾਂ ਪਹਿਲੇ ਦਿਨ ਜਦੋਂ ਆਪ ਬਾਬਾ ਜੀ ਪਾਸ ਗਏ ਸਨ, ਸੰਗਤ ਵਿੱਚ ਚੱਲ ਰਹੀ ਬਾਬਾ ਜੀ ਦੀ ਵੀਚਾਰ ਯਾਦ ਆਈ ਕਿ ਕੁਸੰਗਤ ਐਸੀ ਭੈੜੀ ਚੀਜ਼ ਹੈ ਜੇ ਕਿਸੇ ਪ੍ਰਾਣੀ ਨੇ ਇੱਕ ਪੈਰ ਸਵਰਗ ਵਿੱਚ ਰੱਖਿਆ ਹੋਵੇ ਤੇ ਕੇਵਲ ਪਿਛਲਾ ਚੁੱਕ ਕੇ ਸਵਰਗ ਦਾ ਦਰਵਾਜ਼ਾ ਲੰਘਣਾ ਹੋਵੇ, ਜੇ ਕਿਤੇ ਉਹ ਪਿਛਲਾ ਪੈਰ ਚੁੱਕਣ ਤੋਂ ਪਹਿਲਾਂ ਕੁਸੰਗਤ ਮਿਲ ਜਾਵੇ ਤਾਂ ਪਿਛਲਾ ਪੈਰ ਅਗਾਂਹ ਚੁੱਕ ਕੇ ਤਾਂ ਕੀ ਰੱਖਣਾ ਹੈ ਪਹਿਲਾ ਸਵਰਗ ਦੀ ਦਹਿਲੀਜ਼ ਅੰਦਰ ਧਰਿਆ ਪੈਰ, ਕੁਸੰਗਤ ਬਾਹਰ ਖਿੱਚ ਲਿਆਉਂਦੀ ਹੈ। ਮੇਰੇ ਨਾਲ ਤਾਂ ਸੱਚਮੁੱਚ ਹੀ



www.AKJ.Org

ਇਹ ਗੱਲ ਵਾਪਰੀ ਹੈ। ਮਨ, ਮਨ ਨੂੰ ਲਾਅਨਤਾਂ ਪਾਵੇ ਕਿ ਕਿਸ ਮੂੰਹ ਨਾਲ ਜਾ ਕੇ ਮੈਂ ਬਾਬਾ ਜੀ ਨੂੰ ਦੱਸਾਂਗਾ ਕਿ ਮੈਂ ਸ਼ਰਾਬ ਪੀ ਲਈ ਹੈ। ਮੈਂ ਉਹਨਾਂ ਦੇ ਸਾਹਮਣੇ ਅਤੇ ਗੁਰੂ ਮਹਾਰਾਜ ਜੀ ਅੱਗੇ ਪ੍ਰਣ ਕੀਤਾ ਹੈ। ਮਨ ਦੇ ਇਸ ਉਤਰਾਅ ਚੜ੍ਹਾ ਵਿੱਚ ਲੰਘਦਾ ਪਹਿਰ ਬੀਤ ਗਿਆ। ਦਿਨ ਵੀ ਸਰਦੀ ਦੇ ਸਨ। ਆਪ ਨੇ ਫਿਰ ਸਾਈਕਲ ਚੁੱਕਿਆ ਤੇ ਗੁਰਦੁਆਰੇ ਨੂੰ ਚੱਲ ਪਏ। ਸ਼ਾਮ ਪਈ ਜਦੋਂ ਗੁਰਦੁਆਰੇ ਪੁੱਜੇ, ਸੇਵਾਦਾਰਾਂ ਨੂੰ ਪੁੱਛਿਆ ਕਿ ਬਾਬਾ ਜੀ ਕਿੱਥੇ ਹਨ ? ਸੇਵਾਦਾਰਾਂ ਨੇ ਦੱਸਿਆ ਕਿ ਬਾਬਾ ਜੀ ਤਾਂ ਤਲਵਾੜੇ ਕਿਸੇ ਦੇ ਘਰ ਪਾਠ ਦੇ ਭੋਗ ਤੇ ਗਏ ਹਨ।

ਸ: ਗਿਆਨ ਸਿੰਘ ਨੇ ਲੰਗਰ ਛੱਕ ਕੇ ਥੋੜ੍ਹਾ ਆਰਾਮ ਕੀਤਾ। ਤਕਰੀਬਨ ਬਾਰਾਂ ਕੁ ਵਜੇ ਰਾਤ ਨੂੰ ਹੀ ਠੰਢ ਵਿਚ ਸਾਈਕਲ ਤੇ ਸਵਾਰ ਹੋ ਕੇ ਤਲਵਾੜੇ ਨੂੰ ਚਲ ਪਏ। ਹਨ੍ਹੇਰੇ ਵਿਚ ਸਹਿਜੇ ਸਹਿਜੇ ਚਲਦੇ ਚਲਦੇ ਕੋਈ ਤੜਕੇ ਚਾਰ ਵਜੇ ਗੁਰਦੁਆਰੇ ਪੁੱਜ ਗਏ। ਗ੍ਰੰਥੀ ਸਿੰਘ ਨੇ ਅਜੇ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਹੀ ਸੀ। ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਆਪ ਨੇ ਗ੍ਰੰਥੀ ਸਿੰਘ ਨੂੰ ਬਾਬਾ ਜੀ ਬਾਰੇ ਪੁੱਛਿਆ। ਉਸ ਨੇ ਦੱਸਿਆ ਕਿ ਇਕ ਭਗਤ ਜੀ ਹਨ। ਉਹਨਾਂ ਪਾਸ ਬਾਬਾ ਜੀ ਆਉਂਦੇ ਹਨ, ਉਹ ਤਿੰਨ ਸੈਕਟਰ ਵਿਚ ਰਹਿੰਦੇ ਹਨ, ਤੁਸੀਂ ਉਥੇ ਚਲੇ ਜਾਵੋ। ਸ: ਗਿਆਨ ਸਿੰਘ ਜੀ ਪੁਛਦੇ ਪੁਛਦੇ ਅੱਧੇ-ਪੌਣੇ ਘੰਟੇ ਬਾਅਦ ਭਗਤ ਜੀ ਦੇ ਘਰ ਪੁੱਜ ਗਏ। ਆਪ ਨੇ ਬਾਬਾ ਜੀ ਦੇ ਦਰਸ਼ਨ ਕੀਤੇ। ਬਾਬਾ ਜੀ ਨੇ ਸ: ਗਿਆਨ ਸਿੰਘ ਨੂੰ ਸੁਖ-ਸ਼ਾਂਦ ਪੁੱਛੀ ਤੇ ਘਰ ਵਾਲਿਆਂ ਨੂੰ ਕਹਿ ਕੇ ਚਾਹ ਆਦਿ ਛਕਾਈ।

ਬਾਬਾ ਜੀ ਨੇ ਕਿਹਾ ਕਿ ਸਾਡਾ ਨਿਤਨੇਮ ਅਜੇ ਰਹਿੰਦਾ ਹੈ, ਉਸ ਨੂੰ ਪੂਰਾ ਕਰ ਲਈਏ, ਫਿਰ ਗੱਲਬਾਤ ਕਰਾਂਗੇ। ਨਿਤਨੇਮ ਉਪਰੰਤ ਬਾਬਾ ਜੀ ਨੇ ਸਹਿਜ ਨਾਲ ਹੀ ਗਿਆਨ ਸਿੰਘ ਨੂੰ ਪੁੱਛਿਆ, "ਗਿਆਨ ਸਿੰਘਾ ! ਆਪਣੇ ਬਚਨ ਤੇ ਕਾਇਮ ਨਹੀਂ ਨਾ ਰਿਹਾ, ਗਲਤੀ ਕਰ ਲਈ ਨਾ ?" ਗਿਆਨ ਸਿੰਘ ਨੇ ਹੱਥ ਜੋੜ ਕੇ ਕਿਹਾ, ਬਾਬਾ ਜੀ ਮਾੜੀ ਸੰਗਤ ਨੇ ਗਲਤੀ ਕਰਵਾ ਦਿੱਤੀ ਹੈ। ਮੈਂ ਚਾਹੁੰਦਾ ਤਾਂ ਨਹੀਂ ਸੀ, ਜਿਸ ਦਿਨ ਦੀ ਛੱਡੀ ਸੀ, ਖੜਾ ਅਨੰਦ ਬਣਿਆ ਰਿਹਾ ਹੈ। ਮਾਇਆ ਵਿਚ ਵੀ ਵਾਧਾ ਹੋਣ ਲੱਗ ਪਿਆ ਸੀ। ਘਰ ਵਾਲੇ ਵੀ ਸਾਰੇ ਖ਼ੁਸ਼ ਸਨ। ਮੇਰਾ ਸਰੀਰ ਵੀ ਅੱਗੇ ਨਾਲੋਂ ਵੱਲ ਸੀ।

ਬਾਬਾ ਜੀ ਤਾੜਨਾ ਭਰੇ ਲਹਿਜੇ ਨਾਲ ਕਹਿਣ ਲੱਗੇ, "ਜਦ ਸਾਰਾ ਕੁਝ ਠੀਕ ਸੀ ਤਾਂ ਫਿਰ ਕਿਹੜਾ ਵੇਲਣੇ ਵਿਚ ਬਾਂਹ ਆਈ ਹੋਈ ਸੀ, ਜਿਸਨੂੰ ਛਡਾਉਣ ਲਈ ਤੂੰ ਕੀਤਾ ਹੋਇਆ ਪ੍ਰਣ ਭੰਗ ਕੀਤਾ ਤੇ ਗੁਰੂ ਜੀ ਦੀ ਨਰਾਜ਼ਗੀ ਲਈ। ਜਿਸ ਨੂੰ ਤੁਸੀ ਦੋਸ਼ੀ ਠਹਿਰਾਉਂਦੇ ਹੋ ਕੀ ਉਸ ਨੇ ਢਾਹ ਕੇ ਤੁਹਾਡੇ ਮੂੰਹ ਵਿਚ ਸ਼ਰਾਬ ਪਾ ਦਿੱਤੀ ? ਇਹ ਤਾਂ ਤੁਹਾਡੀ ਆਪਣੀ ਕਮਜ਼ੋਰੀ ਹੈ।"

ਸ: ਗਿਆਨ ਸਿੰਘ ਨੇ ਹੱਥ ਜੋੜ ਕੇ ਕਿਹਾ ਕਿ ਬਾਬਾ ਜੀ ਮੈਥੋਂ ਗ਼ਲਤੀ ਹੋਈ ਹੈ, ਮੈਂ ਕੀਤਾ ਪ੍ਰਣ ਭੰਗ ਕੀਤਾ ਹੈ, ਤਦ ਹੀ ਤਾਂ ਮੈਂ ਕੌਲ ਲੈਂਦੇ ਵੇਲੇ ਦਾ ਮਾਫ਼ ਕਰਾਉਣ ਲਈ ਤੁਰਿਆ ਹੋਇਆ ਹਾਂ ਤੇ ਪਛਤਾਵੇ ਦਾ ਮਾਰਿਆ ਤੁਹਾਡੇ ਪਾਸ ਪੁੱਜਾ ਹਾਂ, ਅਗਾਂਹ ਲਈ ਮੈਂ ਪੱਕਾ ਬਚਨ ਕਰਦਾ ਹਾਂ, ਮੈਂ ਕਿਸੇ ਕਿਸਮ ਦੀ ਢਿੱਲ ਨਹੀਂ ਆਉਣ ਦਿਆਂਗਾ। ਬਾਬਾ ਜੀ ਕਹਿਣ ਲੱਗੇ, "ਗਿਆਨ ਸਿੰਘ ! ਹੁਣ ਤੂੰ ਅੰਮ੍ਰਿਤ ਛੱਕ ਲੈ ਤੇ ਬਚਨ ਤੇ ਪੂਰਾ ਪਹਿਰਾ ਦੇਹ। ਤੇਰੇ ਹਾਲ ਤੇ ਤਰਸ ਵੀ ਆਉਂਦਾ ਹੈ ਕਿ ਪਛਤਾਵੇ ਅਧੀਨ ਸਾਰੀ ਰਾਤ ਝਾਕ ਮਾਰੀ ਹੈ। ਹੁਣ ਤੁਸੀਂ ਅੰਮ੍ਰਿਤ ਛੱਕ ਲਵੋ, ਗੁਰੂ ਵਾਲੇ ਬਣ ਜਾਵੋ, ਮਾਇਆ ਤਾਂ ਕੀ, ਤੁਸੀਂ ਠੇਕੇਦਾਰੀਆਂ ਕਰੋਗੇ। ਪਰ ਠੇਕੇਦਾਰੀਆਂ ਉਨਾਂ ਚਿਰ ਰਹਿਣਗੀਆਂ ਜਿੰਨਾਂ ਚਿਰ ਘਰ ਵਿੱਚ ਗੁਰੂ ਬਚਨਾਂ ਨੂੰ ਧਾਰਨ ਰੱਖੋਗੇ।"

ਥੋੜ੍ਹੇ ਦਿਨਾਂ ਬਾਅਦ ਆਪ ਨੇ ਸਿੰਘਣੀ ਸਮੇਤ ਅੰਮ੍ਰਿਤ-ਪਾਨ ਕਰ, ਗੁਰੂ ਕੀ ਬਖਸ਼ਿਸ਼ ਪ੍ਰਾਪਤ ਕਰ ਲਈ। ਗੁਰੂ ਮਿਹਰ ਨਾਲ, ਗੁਰੂ ਬਚਨਾਂ ਦੀ ਕਮਾਈ ਸਦਕਾ ਥੋੜ੍ਹੇ ਸਮੇਂ ਵਿੱਚ ਹੀ ਐਸਾ ਕਾਰੋਬਾਰ ਵਧਿਆ ਕਿ ਇੱਕ ਤੋਂ ਬਾਅਦ ਦੂਜਾ ਠੇਕਾ ਲੈ ਲਿਆ, ਚੰਗੇ ਪੈਸੇ ਬਚ ਗਏ, ਫਿਰ ਹੋਰ ਫਿਰ ਹੋਰ। ਗੁਰੂ ਮਿਹਰ ਨਾਲ ਮਕਾਨ ਵੀ ਸੁੰਦਰ ਬਣ ਗਏ, ਜਗ੍ਹਾ ਵੀ ਕਾਫ਼ੀ ਖਰੀਦ ਲਈ, ਇੱਕ ਹੋਰ ਕੋਠੀ ਦਾ ਸੌਦਾ ਕਰ ਲਿਆ। ਗੁਰੂ ਸ਼ਰਨ ਗ੍ਰਹਿਣ ਕਰਨ ਤੇ ਬਚਨ ਮੰਨਣ ਦਾ ਸਦਕਾ ਕੱਖ ਲੱਖਾਂ ਵਿੱਚ ਬਦਲ ਗਏ। ਗਿਆਨ ਸਿੰਘ ਹੁਣ ਠੇਕੇਦਾਰ ਗਿਆਨ ਸਿੰਘ ਕਰਕੇ ਮਸ਼ਹੂਰ ਹੋ ਗਏ।

## ਬੰਦਗੀ

ਸਤਿਗੁਰ ਸੱਚੇ ਪਾਤਸ਼ਾਹ,
ਹੁਣ ਦੇਹ ਬੰਦਗੀ।
ਕੇਸਾਂ ਸੁਆਸਾਂ ਸੰਗ ਹੀ,
ਬਸ ਨਿਭੇ ਜਿੰਦਗੀ।
ਰੋਮ ਰੋਮ ਤੁਧ ਧਿਆਵਾਂ,
ਐਸੀ ਬਖਸ਼ ਕਰ।
ਪਿਆਰੇ ਤੇਰੇ ਬਿਨਾਂ,
ਨਾ ਝੱਟ ਲੰਘਦਾ।

(ਤੇਗ ਬਹਾਦਰ ਸਿੰਘ 'ਤੇਗ')



www.AKJ.Org

# A SONG OF BLISS (3)

S. Jaspinder Singh Canada)

For Part (2) Please See Sura, April. 96.........

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ।। ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ।। ਸਾਥ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ।। ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।। ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ।। ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ।।੧੧।।

O,dear mind ! worry thou about permanent, reality. This family and members of thy clan, that you see around, have no permanent value to you. That, which is transitory in nature, Why should it fascinate you ? Never indulge in some thing which may lead to repentence later. Hear thou Wisdom of the Guru, which alone can shape your attitude for righteous living and thus be helpful even after death and hereafter. Says Nanak, O, dear mind, worry thou about things permanent in nature (This Pauri is coaxing the mind to select the path of Divine Love and righteous life (ਲਿਵ) rather thou worldliness (ਧਾਤੁ)-11

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ।। ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ।। ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ।। ਆਖਹਿ ਤ ਵੇਖਹਿ ਸਭ ਤੂਹੈ ਜਿਨਿ ਜਗਤੁ ਉਪਾਇਆ।। ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ।।੧੨।।

O, Incomprehensible, Unfathomable One ! None knows the limit of Thy vastness. Only Thou know Thyself and none else is aware of Thy limits. All the beings are Thy Creation, as Thy Play. How can they ever fathom Thy Greatness? It is only Thy power that seas and speaks through the being of Thy creation. Says Nanak, Thou are ever beyond comprehensive and none can fathom Thy limits. - 12

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ।। ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ।। ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ।। ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ।। ਕਹੈ ਨਾਨਕ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ।। ੧੩।।

I obtained the Nector of Nam which the divine angels, men and ascetics all seek through the Grace of the Guru. Having obtained the Nector of Nam through Grace of the Guru, I have the Presence of the Lord in my own heart. All the being are Thou Own creation. Some of them come and pay homage to the Those who get engrossed in love of the Guru and acquire his wisdom, lose their greed and self pride. Says Nanak, only those receive the Nector of Nam, who are Divinely favoured.-13

ਭਗਤਾ ਕੀ ਚਾਲ ਨਿਰਾਲੀ।। ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।। ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।। ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।। ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ।। ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ।।੧੪।।

Those, who except the discipline of the Divine will have a diverse way of life. Diverse is the life of holy ones and this is not at all easy. Their want is shunning of greed and self-pride. They keep away from unsatiable desires and too much talk. This discipline is highly demanding, sharper than the edge of the sword or finer than a hair with the Grace of Guru and living in His wisdom, they lose selfhood and all desires. Says Nanak, the holy ones have ever lived in a diverse way from the wordly ones.-14

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ।। ਜਿਵ ਤੂ



www.AKJ.Org

ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ।। ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ।। ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ।। ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ।।੧੫।।

O, lord ! The way all beings live is Thy Own maneuvering, as Thou Will. They live according to Thy will and it is Thy Grace that some are shown the Divine way. Those, who are so blessed to be engaged in Nam devotion, always meditate on Thee. Those, who receive Thy promptings to go to holy congregations, hear about Thy Glory and remain in bliss. Says Nanak, O, eternal One! as it pleases Thee, so Thou manipulate the lives of all beings.-15

ਏਹੁ ਸੋਹਿਲਾ ਸਬਦੁ ਸੁਹਾਵਾ।। ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ।। ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ।। ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ।। ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ।।੧੬।।

Divine Word is a Song of Joy! Beautiful Divine Word is ever a Song of Joy. This abides in the hearts of those, who are so divinely destined. There are those, who are not thus blessed, talking a lot of wishful chattering, yet nobody realizes God without living a divine life with Nam in the heart. Says Nanak, the Divine Song of Joy we hear from the Guru. 16

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ।। ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ।। ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ।। ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ।। ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ।।੧੭।।

Pure are those, who meditate on Nam. Nam, obtained through the Guru, meditation has purified those, who are engaged in this. Even their parents, members of their clain and associates are purified. It is so, because all those who utter, hear and meditate Nam in their hearts, are all purified. Says Nanak, those are rendered pure, who receive Nam from Guru and meditate all the time.17

(Such is the cleansing of mind, to rid it of all evil thought and desires, with Nam meditation. The need is to accept the Divine dicipline, ordained by the Guru.)

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ।। ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ।। ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।। ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।। ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ।।੧੮।।

Equipoise does not come through ritualism and without equipoise, fear is not banished. Thus fear is not removed through rituals, however hard one may try. Fear causes impurity of the mind. How to wash away./ this impurity due to fear? Yes ! mind can be washed of the impurity by meditation of Nam. Remain ever imbued with Nam. Says Nanak, with Guru 's Grace is obtained the state of equipoise and thus one is rid of all fear . -18

ਜੀਅਹੁ ਮੈਲੇ ਬਾਹਰਹੁ ਨਿਰਮਲ।। ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ।। ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ।। ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।। ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ।।੧੯।।

External washing can clean the body alone, while the mind still remains unclean. Those, clean of body but with unclean mind, lose the opportunity of an accomplished life

(ਬਾਕੀ ਪੰਨਾ ੪੦ ਤੇ......)



www.AKJ.Org

ਸੋਈ ਪਿਆਰੇ ਮੇਲ

# ਕਰਨਲ ਦਲਜੀਤ ਸਿੰਘ ਜੀ (ਮਿੱਠਾਪੁਰ)

(ਪ੍ਰਿੰ: ਗੁਰਮੁਖ ਸਿੰਘ)

ਕਰਨਲ ਦਲਜੀਤ ਸਿੰਘ ਅਖੰਡ ਕੀਰਤਨੀ ਜੱਥੇ ਦੇ ਰੰਗਲੇ ਸੱਜਣਾਂ ਵਿੱਚੋਂ ਇੱਕ ਸਨ। ਆਪ ਮਿਤੀ 5-4-96 ਨੂੰ ਸੰਸਾਰ ਯਾਤਰਾ ਸਫਲ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਆਪ ਦਾ ਜਨਮ ਭਾ: ਹਜ਼ਾਰਾ ਸਿੰਘ ਜੀ ਦੇ ਗ੍ਰਹਿ ਵਿਖੇ 20 ਜੂਨ ਸੰਨ 1917 ਨੂੰ ਹੋਇਆ। ਆਪ ਦੇ ਮਾਤਾ ਬੀਬੀ ਕਿਸ਼ਨ ਕੌਰ ਜੀ ਮਾਲਵੇ ਦੀ ਰਿਆਸਤ ਨਾਭਾ ਦੇ ਪਿੰਡਾਂ ਦੇ ਸਨ। ਕੁਦਰਤ ਨੇਤ ਮਾਤਾ ਅਤੇ ਪਿਤਾ ਦੋਵੇਂ ਹੀ ਮੁੱਢ ਤੋਂ ਦੈਵੀ ਗੁਣਾਂ ਨਾਲ ਭਰਪੂਰ ਗੁਰੂ-ਭਗਤੀ ਦੇ ਸੁਭਾਉ ਵਾਲੇ ਸਨ। ਭਾ: ਹਜ਼ਾਰਾ ਸਿੰਘ ਜੀ ਪਿੰਡ ਮਿੱਠਾਪੁਰ ਤੋਂ ਬਰਮਾ ਵਿੱਚ ਨਹਿਰੀ ਮਹਿਕਮੇ ਵਿਖੇ ਐਸ. ਡੀ. ਓ. ਸਨ। ਉਧਰ ਬੀਬੀ ਕਿਸ਼ਨ ਕੌਰ ਦੇ ਪਿਤਾ ਭੀ ਬਰਮਾ ਵਿਖੇ ਹੀ ਵੱਡੇ ਠੇਕੇਦਾਰ ਸਨ। ਦੋਵੇਂ ਪਰਿਵਾਰ ਗੁਰਸਿੱਖੀ ਰਹਿਤ ਰਹਿਣੀ ਵਿੱਚ ਦ੍ਰਿੜ੍ਹ ਸਨ। ਇਸ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਮਾਤਾ ਕਿਸ਼ਨ ਕੌਰ ਜੀ ਨੇ ਆਪਣੇ ਬੇਟੇ ਨੂੰ ਬਚਪਨ ਵਿੱਚ ਹੀ ਗਾਤਰੇ ਕਿਰਪਾਨ ਪੁਆ ਦਿੱਤੀ ਸੀ। ਇੰਜ ਗੁਰੂ-ਭਗਤੀ ਅਤੇ ਦੈਵੀ ਗੁਣ ਆਪ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੋਏ ਜਿਨ੍ਹਾਂ ਦਾ ਅੱਗੋਂ ਚੱਲ ਕੇ ਸੋਹਣਾ ਵਿਕਾਸ ਹੋਇਆ।

ਕਰਨਲ ਸਾਹਿਬ ਨੇ ਆਪਣੀ ਮੁੱਢਲੀ ਸਿੱਖਿਆ (ਦਸ ਜਮਾਤਾਂ) ਬਰਮਾ ਵਿਖੇ ਹੀ ਪ੍ਰਾਪਤ ਕੀਤੀ। ਉਦੋਂ ਬਰਮਾ ਹਿੰਦੁਸਤਾਨ ਦਾ ਭਾਗ ਹੋਇਆ ਕਰਦਾ ਸੀ ਅਤੇ ਅੰਗਰੇਜ਼ ਹੀ ਰਾਜ ਕਰਦੇ ਸਨ। ਆਪ ਨੇ ਬੀ. ਏ. ਸੰਨ 1942 ਵਿੱਚ ਐਫ. ਸੀ. ਕਾਲਿਜ ਲਾਹੌਰ ਤੋਂ ਕੀਤੀ। ਆਪ ਦਾ ਜਦੋਂ ਜਨਮ ਹੋਇਆ ਉਦੋਂ ਪਹਿਲਾ ਮਹਾਂਯੁੱਧ ਚੱਲ ਰਿਹਾ ਸੀ। ਜਦੋਂ ਆਪ ਰੋਜ਼ਗਾਰ ਦੀ ਤਲਾਸ਼ ਵਿੱਚ ਤੁਰੇ ਤਾਂ ਦੂਜਾ ਮਹਾਂਯੁੱਧ ਲੱਗਾ ਹੋਇਆ ਸੀ (1938-45)। ਉਹਨਾਂ ਸਮਿਆਂ ਵਿੱਚ ਪੰਜਾਬ ਦੇ ਗੱਭਰੂ ਫੌਜ ਵਿੱਚ ਭਰਤੀ ਹੋਣ ਨੂੰ ਬੜੇ ਫਖਰ ਦੀ ਗੱਲ ਸਮਝਦੇ ਸਨ। ਸੋ ਆਪ ਭੀ 1942 ਵਿੱਚ ਆਪਣੀ ਸਰੀਰਕ ਯੋਗਤਾ, (ਲੰਬੇ ਕੱਦ, ਸੋਹਣਾ, ਸਡੌਲ ਸਰੀਰ) ਅਤੇ ਵਿਦਿਅਕ ਪ੍ਰਾਪਤੀ ਦੇ ਆਧਾਰ ਤੇ ਫੌਜ ਵਿੱਚ ਬਤੌਰ ਅਫਸਰ ਭਰਤੀ ਹੋ ਗਏ। ਜਦੋਂ ਮਹਾਂ ਯੁੱਧ ਦੂਜਾ ਸਮਾਪਤ ਹੋਇਆ ਤਾਂ ਆਪ ਦਾ ਅਨੰਦ ਕਾਰਜ ਪਿੰਡ ਮਾਜਰੀ (ਲੁਧਿਆਣਾ) ਦੇ ਸਰਦੇ ਪੁੱਜਦੇ ਘਰ ਸ: ਭਜਨ ਸਿੰਘ ਦੀ ਲੜਕੀ ਬੀਬੀ ਹਰਸ਼ਰਨ ਕੌਰ ਨਾਲ ਹੋਇਆ।

1942 ਤੋਂ 1968 ਤੱਕ ਆਪ ਨੇ ਕਈ ਪਲਟਣਾਂ ਦੀ ਕਮਾਂਡ ਕੀਤੀ। ਕੁਝ ਸਮਾਂ ਆਪ ਆਰਮੀ ਹੈਡ ਕੁਆਟਰ ਵਿਖੇ ਬਤੌਰ ਸਟਾਫ ਆਫੀਸਰ ਭੀ ਰਹੇ। ਜਿੱਥੇ ਜਿੱਥੇ ਭੀ ਆਪ ਨੇ ਕਮਾਂਡ ਕੀਤੀ ਆਪਣੇ ਦੈਵੀ ਗੁਣਾਂ ਕਰਕੇ ਸਦਾ ਹਰ-ਮਨ-ਪਿਆਰੇ ਬਣੇ ਰਹੇ। ਫੌਜੀ ਡਿਸਿਪਲਿਨ ਨੂੰ ਆਪ ਸਦਾ ਬੜੇ ਪ੍ਰੇਰਣਾਮਈ ਤਰੀਕੇ ਨਾਲ ਲਾਗੂ ਕਰਦੇ। ਮਨੁੱਖੀ ਹਮਦਰਦੀ ਆਪ ਦੇ ਹੇਠਾਂ ਕੰਮ ਕਰਦੇ ਫੌਜੀਆਂ ਨਾਲ ਵਿਵਹਾਰ ਦਾ ਆਧਾਰ ਹੁੰਦੀ ਸੀ। ਜਿੱਥੇ ਆਪ ਨੂੰ ਦਇਆ ਵਰਗਾ ਦੈਵੀ ਗੁਣ ਵਿਰਸੇ ਵਿੱਚ ਮਿਲਿਆ ਸੀ ਉਥੇ ਸੱਚ ਨੂੰ ਆਪ ਨੇ ਆਪਣੇ ਜੀਵਨ ਦਾ ਲਕਸ਼ ਬਣਾਇਆ ਹੋਇਆ ਸੀ। 1968 ਵਿੱਚ ਆਪ ਨੂੰ ਨੌਕਰੀ ਦੌਰਾਨ ਸ਼ੂਗਰ ਹੋ ਗਈ। ਡਾਕਟਰਾਂ ਨੇ ਬਥੇਰਾ ਸਮਝਾਇਆ ਕਿ ਇਹ ਕੋਈ ਖਾਸ ਨੁਕਸ ਨਹੀਂ, ਛੇਤੀ ਠੀਕ ਹੋ ਜਾਵੇਗਾ, ਤੁਸੀਂ ਜਰਨੈਲ ਹੋ ਕੇ ਰੀਟਾਇਰ ਹੋਵੋਗੇ ਪਰ ਆਪ ਨੇ ਜਰਨੈਲੀ ਨਾਲੋਂ ਸੱਚ ਦੇ ਆਧਾਰ ਤੇ ਜੀਵਨ ਜੀਉਣਾ ਜ਼ਿਆਦਾ ਚੰਗਾ ਸਮਝਿਆ। 'ਸਰਕਾਰ ਨੂੰ ਧੋਖੇ ਵਿੱਚ ਰੱਖ ਕੇ ਨੌਕਰੀ ਨਹੀਂ ਕਰਨੀ।' ਤੇ ਪਹਿਰਾ ਦਿੱਤਾ।

ਜਦੋਂ 1954 ਵਿੱਚ ਪੂਰਬਲਾ ਅੰਕੁਰ ਫਲਿਆ ਤਾਂ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾਂ ਦੀ ਸੰਗਤ ਦੀ ਰੰਗਤ ਹੌਲੀ ਹੌਲੀ ਚੜ੍ਹੀ ਤਾਂ ਆਪ ਨੇ 1956 ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਬਿਬੇਕ ਦੇ ਪਹਿਰੇ ਦਾ ਫੌਜੀ ਆਫੀਸਰ ਮੈਸ ਦੇ ਖਾਨ-ਪਾਨ ਨਾਲ ਟਕਰਾਉ ਸੁਭਾਵਕ ਸੀ। ਆਪ ਉਸ ਸਮੇਂ ਆਸਾਮ ਵਿਖੇ ਮਰਹੱਟਾ ਪਲਟਨ ਦੀ ਕਮਾਂਡ ਕਰ ਰਹੇ ਸਨ। ਆਪ ਅੰਦਰ ਇੱਕ ਅਜੀਬ ਕਸ਼-ਮਕਸ਼ (ਦੁਬਿਧਾ) ਖੜ੍ਹੀ ਹੋ ਗਈ। ਨੌਕਰੀ ਕਰਦਿਆਂ ਪੰਚਾਂ ਦੇ ਬਿਬੇਕ ਦੇ ਹੁਕਮਾਂ ਉੱਤੇ ਚੱਲਣਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਜੇ ਹੁਕਮ ਕਮਾਉਣਾ ਹੈ ਤਾਂ ਕੀ ਨੌਕਰੀ ਛੱਡ ਦਿੱਤੀ ਜਾਵੇ ? ਆਖਰ ਆਪ ਦੇ ਮਨ ਨੇ ਗੁਰੂ ਦੇ ਹੁਕਮਾਂ ਉੱਤੇ ਪਹਿਰਾ ਦੇਣ ਨੂੰ ਤਰਜੀਹ ਦਿੱਤੀ ਅਤੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਪਰ ਮਗਰੋਂ ਸਾਧ ਸੰਗਤ ਅਤੇ ਪੰਚਾਂ ਦੇ ਹੁਕਮ ਅਨੁਸਾਰ ਆਪ ਨੂੰ ਅਸਤੀਫਾ ਵਾਪਸ ਲੈਣਾ ਪਿਆ ਪਰ ਇੰਜ ਕਰਨ ਨਾਲ ਆਪ ਨੂੰ ਕਰਨਲ ਤੋਂ ਹੇਠਲੇ ਦਰਜੇ ਦਾ ਅਫਸਰ-ਭਾਵ ਮੇਜਰ ਬਣਾ ਦਿੱਤਾ ਗਿਆ। ਆਪ ਨੂੰ ਤਿੰਨ ਮਹੀਨੇ ਫੌਜੀ ਨਿਗਰਾਨੀ ਵਿੱਚ ਰੱਖਿਆ ਗਿਆ, ਇਹ ਪਰਖਣ ਲਈ ਕਿ ਕੀ ਇਹਨਾਂ ਉੱਤੇ ਅਜੇ ਮਜ਼ਹਬੀ ਜਨੂੰਨ (Religious mania) ਸਵਾਰ ਹੈ ? ਕਈ ਆਰਮੀ ਅਫਸਰਾਂ ਨੇ ਆਪ ਨੂੰ ਕਮਲਾ ਦਲਜੀਤ ਭੀ ਆਖਿਆ। ਕਈਆਂ ਨੇ ਇਹ ਭੀ



www.AKJ.Org

ਆਖਿਆ ਕਿ ਕਰਨੈਲੀ ਦੇ ਫੀਤੇ ਇਸ ਨੂੰ ਭੂੰਡਾਂ ਵਾਂਙ ਲੜਦੇ ਸੀ, ਆਪੂੰ ਲਹਾ ਸੁੱਟੇ। ਜਿਤਨੇ ਮੂੰਹ ਉਤਨੇ ਮੇਹਣੇ ਆਪ ਦੀ ਝੋਲੀ ਪਾਏ ਗਏ। ਗੁਰੂ ਕੇ ਸਿੱਖ ਲਈ ਇਹ ਘੜੀ ਅੰਤਿ ਕਰੜੇ ਇਮਤਿਹਾਨ ਦੀ ਘੜੀ ਸੀ। ਭਾਈ ਗੁਰਦਾਸ ਜੀ ਦੀ ਵਾਰ ਦੀ ਇਹ ਲਾਈਨ ਸਦਾ ਸਿੱਖ ਨੂੰ ਚੇਤੇ ਰੱਖਣੀ ਚਾਹੀਦੀ ਹੈ - "ਜੇ ਗੁਰ ਸਾਂਗਿ ਵਰਤਦਾ, ਸਿਖੁ ਸਿਦਕੁ ਨ ਹਾਰੇ।" (ਵਾਰ ੩੫/੨੦)

ਕਰਨਲ ਸਾਹਿਬ ਉਤੇ ਸਤਿਗੁਰੂ ਨੇ ਮਿਹਰ ਕੀਤੀ। ਆਪ ਦਾ ਸਿੱਖੀ ਸਿਦਕ ਡੋਲਿਆ ਨਹੀਂ। ਨਿਗਰਾਨ ਕਮੇਟੀ ਨੇ ਰਿਪੋਰਟ ਦਿੱਤੀ ਕਿ ਇਹੋ ਜਿਹੇ ਲਾਇਕ ਅਫਸਰ ਨੂੰ ਤੁਰੰਤ ਨੌਕਰੀ ਤੇ ਬਹਾਲ ਕੀਤਾ ਜਾਏ ਅਤੇ ਆਪਣੇ ਪਿਛਲੇ ਅਹੁਦੇ ਤੇ ਲਗਾਇਆ ਜਾਵੇ। ਆਪ ਨੌਕਰੀ ਤੇ ਤਾਂ ਬਹਾਲ ਹੋ ਗਏ ਪਰ ਆਪ ਦੇ ਕਰਨੈਲੀ ਦੇ ਫੀਤੇ ਵਾਪਸ ਨਹੀਂ ਮੋੜੇ ਗਏ। ਆਪ ਨੂੰ ਭਾਣੇ ਅੰਦਰ ਉਹਨਾਂ ਅਫਸਰਾਂ ਥੱਲੇ ਭੀ ਕੰਮ ਕਰਨਾ ਪਿਆ ਜਿਹੜੇ ਆਪ ਦੇ ਥੱਲੇ ਕੰਮ ਕਰਦੇ ਸਨ। ਫਿਰ ਭੀ ਆਪ ਡੋਲੇ ਨਹੀਂ। ਰਜ਼ਾ ਵਿੱਚ ਅਡੋਲ, ਇਸ ਨੂੰ ਰੱਬ ਦੀ ਰਜ਼ਾ ਜਾਣ ਕੇ ਸਿਰ ਮੱਥੇ ਕਬੂਲ ਕੀਤਾ। ਆਰਮੀ ਹੈਡਕੁਆਟਰ ਨੇ ਆਪ ਦੇ ਅਸਤੀਫੇ ਨੂੰ ਫੌਜੀ ਡਿਸਿਪਲਿਨ ਦੀ ਅਵੱਗਿਆ ਸਮਝਦੇ ਹੋਏ ਸੱਤ ਸਾਲ ਤੱਕ ਤਰੱਕੀ ਰੋਕੀ ਰੱਖੀ ਪਰ ਕੁਮਾਰ ਹੱਟੀ ਵਿਖੇ ਜੁੜੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਸਹਿਤ ਸੰਗਤ ਨੇ ਅਰਦਾਸ ਕੀਤੀ ਤਾਂ ਜਾ ਕੇ ਕੋਈ ਧੁਰੋਂ ਹੀ ਬਿਧਿ ਬਣੀ ਅਤੇ ਆਪ ਨੂੰ ਕਰਨੈਲੀ ਦੇ ਫੀਤੇ ਵਾਪਸ ਮਿਲੇ। ਆਰਮੀ ਦੀ ਪਰੰਪਰਾ ਵਿੱਚ ਇਹ ਇੱਕ ਕ੍ਰਿਸ਼ਮਾ ਹੀ ਸੀ, ਨਹੀਂ ਤਾਂ ਡਿਮੋਟ ਹੋਏ ਨੂੰ ਮੁੜ ਕੇ ਪਰੋਮੋਟ ਨਹੀਂ ਕਰਦੇ। ਪਟਿਆਲਾ ਵਿਖੇ 1962 ਵਿੱਚ ਦਾਸ ਦਾ ਆਪ ਨਾਲ ਉਦੋਂ ਮੇਲ ਹੋਇਆ ਜਦੋਂ ਆਪ ਅਜੇ ਮੇਜਰ ਹੀ ਸਨ ਅਤੇ ਫਿਰੋਜ਼ਪੁਰ ਛਾਉਣੀ ਵਿਖੇ ਰਹਿੰਦੇ ਸਨ। ਕਰਨੈਲੀ ਖੁੱਸ ਚੁੱਕੀ ਸੀ। ਚੀਨ ਦੀ ਜੰਗ (1962) ਸਮੇਂ ਆਪ ਦੀ ਪਲਟਣ ਨੇ ਨੀਫਾ (ਆਸਾਮ) ਬਾਰਡਰ ਤੇ ਜਾਣਾ ਸੀ ਤੇ ਜਾਣ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਅਤੇ ਅਖੰਡ ਕੀਰਤਨ ਆਪ ਦੀ ਕੋਠੀ ਵਿਖੇ ਹੋਇਆ। ਦਾਸ ਭੀ ਪਟਿਆਲਾ ਤੋਂ ਭਾ: ਮਹਿੰਦਰ ਸਿੰਘ (ਐਸ. ਡੀ. ਓ.) ਦੇ ਜੱਥੇ ਦੇ ਅੰਗ ਸੰਗ ਉਥੇ ਗਿਆ ਹੋਇਆ ਸੀ। ਮੇਜਰ ਦਲਜੀਤ ਸਿੰਘ ਜੀ ਕਿਵੇਂ ਸਿੰਘਾਂ ਤੋਂ ਵਾਰਨੇ-ਘੋਲੇ ਜਾ ਰਹੇ ਸਨ, ਦੇਖਿਆ ਹੀ ਬਣਦਾ ਸੀ। ਇਤਨਾ ਵੱਡਾ ਅਫਸਰ ਤੇ ਇਤਨੀ ਵੱਡੀ ਨਿਮਰਤਾ ਅਤੇ ਮਿਠਾਸ। ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਗੁਰਸਿੱਖਾਂ ਵਿੱਚ ਇਹੋ ਜਿਹੇ ਗੁਣ ਭੀ ਹੋ ਸਕਦੇ ਹਨ। ਪਰਤੱਖ ਨੂੰ ਪ੍ਰਮਾਣ ਕੀ ? ਆਪ ਨੂੰ ਨਾਂ ਤਾਂ ਆਪਣੀ ਅਫਸਰੀ ਦਾ ਗੁਮਾਨ ਸੀ ਅਤੇ ਨਾ ਹੀ ਜਤਲਾਉਣ ਦਾ ਜਤਨ ਹੀ ਕੀਤਾ। 1963 ਵਿੱਚ ਸੰਗਤ ਦੀਆਂ ਅਰਦਾਸਾਂ ਸਦਕਾ ਕਰਨਲ ਸਾਹਿਬ ਨੂੰ ਕਰਨੈਲੀ ਉੱਤੇ ਮੁੜ ਬਹਾਲ ਕਰ ਦਿੱਤਾ ਗਿਆ। ਪਟਿਆਲਾ ਵਿਖੇ ਭੈਣ ਹਰਸ਼ਰਨ ਕੌਰ (ਸੁਪਤਨੀ) ਜੀ ਨੇ ਕਰਨਲ ਸਾਹਿਬ ਦੀ ਤਰੱਕੀ ਦੇ ਸ਼ੁਕਰਾਨੇ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਪਟਿਆਲਾ ਵਿਖੇ ਹੀ ਸਮਾਗਮ ਕਰਾਇਆ। ਦੀਵਾਨ ਦੀ ਸਮਾਪਤੀ ਹੋਣ ਉਪਰੰਤ ਅਜੇ ਦੇਗ ਵਰਤ ਹੀ ਰਹੀ ਸੀ ਕਿ ਕਰਨਲ ਸਾਹਿਬ ਆਣ ਪਹੁੰਚੇ। ਆਪ ਆਪਣੇ ਨਾਲ ਦਿੱਲੀ ਦੇ ਆਰਮੀ ਹੈਡ-ਕੁਆਟਰ ਤੋਂ ਕਰਨੈਲੀ ਦੇ ਫੀਤੇ ਲਿਆਏ ਸਨ ਪਰ ਅਜੇ ਆਪਣੇ ਮੋਢਿਆਂ ਤੇ ਸਜਾਏ ਨਹੀਂ ਸਨ। ਜੇ ਉਹ ਉਥੇ ਹੀ ਸਜਾ ਕੇ ਪਟਿਆਲੇ ਆ ਜਾਂਦੇ ਤਾਂ ਸਿੰਘਾਂ ਨੇ ਕੋਈ ਬੁਰਾ ਤਾਂ ਨਹੀਂ ਸੀ ਮਨਾਉਣਾ ਪਰ ਗੁਰੂ ਕੇ ਸਿੱਖ ਦੀ ਭਾਵਨੀ ਦੇਖੋ : *"ਇਹ ਕਰਨੈਲੀ ਮੈਨੂੰ ਗੁਰੂ ਨੇ ਸੰਗਤ ਦੀ ਅਰਦਾਸ ਸਦਕਾ ਬਖਸ਼ੀ ਹੈ, ਹੁਣ ਤਾਂ ਸੰਗਤ ਹੀ ਇਹ ਫੀਤੇ ਮੇਰੇ ਮੋਢਿਆਂ ਤੇ ਸਜਾਵੇ ਤਾਂ ਚੰਗਾ ਹੈ।"* ਉਸੀ ਸ਼ਾਮ ਗੁਰੂ ਮਹਾਰਾਜ ਦੇ ਕਮਰੇ ਵਿੱਚ ਪੰਜਾਂ ਸਿੰਘਾਂ ਨੇ ਵਰਦੀਆਂ ਸਜਾਈਆਂ। ਭੈਣ ਜੀ ਨੇ ਕਰਨੈਲੀ ਦੇ ਫੀਤਿਆਂ ਨੂੰ ਇਕੱਤਰ ਹੋਈ ਸੰਗਤ ਦੀ ਚਰਨ ਧੂੜ (ਜੋੜਿਆਂ) ਨਾਲ ਛੁਹਾ ਕੇ ਪੰਜਾਂ ਪਿਆਰਿਆਂ ਨੂੰ ਭਾਈ ਦਲਜੀਤ ਸਿੰਘ ਦੇ ਮੋਢਿਆਂ ਤੇ ਸਜਾਉਣ ਲਈ ਆਣ ਭੇਟ ਕੀਤੇ। ਪੰਚਾਂ ਨੇ ਸੱਚੇ ਪਾਤਸ਼ਾਹ ਦੇ ਸਨਮੁੱਖ ਸ਼ੁਕਰਾਨੇ ਦਾ ਅਰਦਾਸਾ ਸੋਧਿਆ ਅਤੇ ਉਹ ਫੀਤੇ ਕਰਨਲ ਸਾਹਿਬ ਦੇ ਮੋਢਿਆਂ ਤੇ ਸਜਾਏ। ਦਾਸ ਉਨ੍ਹਾਂ ਪੰਚਾਂ ਵਿੱਚ ਸ਼ਾਮਲ ਸੀ ਜਿਸ ਕਰਕੇ ਅੱਜ ਉਹਨਾਂ ਦੇ ਜੀਵਨ ਦੀ ਇਸ ਘਟਨਾ ਨੂੰ ਅੱਖੀਂ ਦੇਖੀ ਅਤੇ ਹੱਡ-ਵਰਤੀ ਘਟਨਾਂ ਵਜੋਂ ਲਿਖ ਰਿਹਾ ਹਾਂ। ਭਾਈ ਗੁਰਦਾਸ ਜੀ ਦੀ ਇੱਕ ਬਹੁਤ ਖੂਬਸੂਰਤ ਵੀਚਾਰ ਹੈ :- ਸ਼ੰਕਾ ਮਨਹੁ ਮਿਟਾਇ ਕੈ ਗੁਰੁਸਿਖਾਂ ਦੀ ਸੇਵ ਕਰੰਦਾ।। (ਵਾਰ੪੦/੧੧)। ਜਿਹੜੇ ਪੰਚ ਜਨ ਉਪਰੋਕਤ ਘਟਨਾ ਵਿੱਚ ਸ਼ਾਮਿਲ ਹੋਏ ਸਨ ਉਨ੍ਹਾਂ ਦਾ ਸਮਾਜਿਕ ਦਰਜਾ ਜੇ ਵੇਖਿਆ ਜਾਏ ਤਾਂ ਕਿਤਨਾ ਨੀਵਾਂ ਸੀ ਪਰ ਧੰਨ ਹਨ ਉਹ ਗੁਰੂ ਪਿਆਰੇ ਜਿਨ੍ਹਾਂ ਸ਼ੰਕਾ ਮਨਹੁ ਮਿਟਾਅ ਕੇ ਪੰਚਾਂ ਦੀ ਸੇਵਾ ਵਿੱਚ ਐਸੇ ਗੁਰਸਿੱਖਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ। ਇੱਥੇ ਇਸ ਗੁਰਸਿੱਖ ਦੀ ਅੰਤਰੀਵ ਸੂਖਮ ਜਿਹੀ ਭਾਵਨਾ ਦੇ ਦਰਸ਼ਨ ਹੁੰਦੇ ਹਨ ਜਿਸਨੂੰ ਉਹਨਾਂ ਆਪਣੇ ਹੀ ਢੰਗ ਨਾਲ ਪਰਗਟ ਕੀਤਾ। ਉਹਨਾਂ ਕਿਸੇ ਦਾ ਸਟੇਟਸ ਨਹੀਂ ਸੀ ਕਦੇ ਵੇਖਿਆ, ਹਮੇਸ਼ਾਂ ਸਿੱਖੀ ਸਰੂਪ ਨੂੰ ਨਮਸਕਾਰਦੇ ਸਨ। 1962 ਤੋਂ 1996 ਤੱਕ ਲੱਗਪੱਗ 34 ਸਾਲ ਤੋਂ ਦਾਸ ਕਰਨਲ ਸਾਹਿਬ ਦੀ ਗੁਰਸਿੱਖਾਂ ਪ੍ਰਤੀ ਪ੍ਰੇਮ ਭਾਵਨੀ ਦੇ ਦਰਸ਼ਨ ਕਰਦਾ ਆਇਆ ਹੈ। ਉਹਨਾਂ ਪਾਸ ਕੋਈ ਗੁਰਸਿੱਖ ਆ ਜਾਏ ਸਭ ਨੂੰ ਹਸੂੰ ਹਸੂੰ ਕਰਦਿਆਂ



www.AKJ.Org

ਮਿਲਦੇ ਸਨ। ਆਦਰ ਦੇ ਕੇ ਬਿਠਾਉਣਾ, ਉਹਨਾਂ ਦੇ ਬਚਨ ਬੜੇ ਧਿਆਨ ਨਾਲ ਸੁਣਨੇ ਅਤੇ ਲੋੜ ਅਨੁਸਾਰ ਆਪਣੀ ਰਾਏ ਦੇਣੀ, ਯਥਾ ਸ਼ਕਤ ਮਾਇਕ ਸੇਵਾ ਭੀ ਕਰਦੇ ਹੁੰਦੇ ਸਨ। ਮੌਸਮ ਅਤੇ ਸਮੇਂ ਅਨੁਸਾਰ ਜ਼ਰੂਰ ਕੁੱਝ ਨਾ ਕੁੱਝ ਛਕਾਅ ਕੇ ਹੀ ਵਿਦਾ ਕਰਦੇ। 1968 ਵਿੱਚ ਰਿਟਾਇਰ ਹੋਣ ਮਗਰੋਂ ਇੱਕ ਸਾਲ ਐਨ. ਸੀ. ਸੀ. ਵੱਲ ਭੀ ਨੌਕਰੀ ਕੀਤੀ ਪਰ ਰੁਚੀ ਨੇ ਪਰਵਾਨ ਨਹੀਂ ਕੀਤਾ। 1969 ਵਿੱਚ ਪਹਿਲਾਂ ਕੁੱਝ ਚਿਰ ਮਾਡਲ ਟਾਊਨ ਜਲੰਧਰ ਰਹੇ ਫਿਰ ਮਿੱਠਾਪੁਰ ਵਿਖੇ ਕੈਂਟ ਰੋਡ ਤੇ ਸਥਿਤ ਆਪਣੀ ਜੱਦੀ ਜ਼ਮੀਨ ਤੇ ਕੋਠੀ ਪਾ ਕੇ ਰਹਿਣ ਲੱਗ ਪਏ ਸਨ।

ਬਹੁਤ ਥੋੜ੍ਹੇ ਸਿੰਘ ਜਾਣਦੇ ਹਨ ਕਿ 'ਸੂਰਾ' ਮਾਸਿਕ ਪੱਤਰ ਦੀ ਭੀ ਆਪ ਨੇ ਕੁੱਝ ਮਹੀਨੇ ਸੇਵਾ ਕੀਤੀ। 1969 ਵਿੱਚ ਦਾਸ ਦੇ ਪਟਿਆਲੇ ਤੋਂ ਕਪੂਰਥਲੇ ਕਾਲਿਜ ਵਿਖੇ ਆ ਜਾਣ ਕਰਕੇ ਪਿੱਛੇ 'ਸੂਰਾ' ਦੀ ਸਾਂਭ ਸੰਭਾਲ ਵਿੱਚ ਕਮੀ ਨੂੰ ਵੇਖਦਿਆਂ ਕਰਨਲ ਸਾਹਿਬ ਨੇ ਇਹ ਸੇਵਾ ਆਪਣੇ ਜ਼ੁੰਮੇਂ ਲੈ ਲਈ ਸੀ। ਪ੍ਰੈਸ ਦੀ ਮਸ਼ੀਨ ਅਤੇ ਰਸਾਲਾ ਮਾਡਲ ਟਾਊਨ ਜਲੰਧਰ ਵਿਖੇ ਲੈ ਆਂਦਾ। 1970-71 ਵਿੱਚ ਇਹ ਰਸਾਲਾ ਸ੍ਰੀ ਅੰਮ੍ਰਿਤਸਰ ਵਿਖੇ ਯੋਗ ਹੱਥਾਂ ਵਿੱਚ ਦੇ ਦਿੱਤਾ। ਆਪ ਇਹ ਨਹੀਂ ਸੀ ਚਾਹੁੰਦੇ ਕਿ ਜੱਥੇ ਦਾ ਇੱਕੋ ਇੱਕ (ਆਰਗਨ) ਰਸਾਲਾ ਅਯੋਗ ਹੱਥਾਂ ਵਿੱਚ ਖਤਮ ਹੋ ਜਾਏ। ਅੱਜ ਇਹ ਮਹਿਸੂਸ ਹੁੰਦਾ ਹੈ ਕਿ ਕਰਨਲ ਸਾਹਿਬ ਦਾ ਇਹ ਕਦਮ ਉਹਨਾਂ ਦੀ ਦੂਰ-ਅੰਦੇਸ਼ੀ ਦਾ ਸੂਚਕ ਸੀ। 'ਸੂਰਾ' ਅੱਜ ਭੀ ਕਾਇਮ ਹੈ।

1978 ਦੇ ਸ਼ਹੀਦੀ ਸਾਕੇ ਤੋਂ ਆਪ ਭੀ ਬੜੇ ਪ੍ਰਭਾਵਿਤ ਹੋਏ। ਇਹਨਾਂ ਜੱਥੇ ਅਤੇ ਪੰਥ ਦੇ ਹਿੱਤ (ਕਾਜ਼) ਨੂੰ ਮੁੱਖ ਰੱਖਦਿਆਂ, ਭਾਵੇਂ ਘਰ ਵਿੱਚ ਕਿੰਨੀ ਔਖਿਆਈ ਹੁੰਦੀ ਪਰ ਭੈਣ ਹਰਿਸ਼ਰਨ ਕੌਰ ਜੀ ਨੂੰ ਜੱਥੇ ਦੀ ਅਤੇ ਗੁਰੂ ਪੰਥ ਦੀ ਸੇਵਾ ਤੋਂ ਕਦੇ ਨਹੀਂ ਸੀ ਰੋਕਿਆ। ਮਾਇਕ ਸੇਵਾ ਭੀ ਆਪ ਖੁੱਲ੍ਹੇ ਦਿਲ ਨਾਲ ਕਰਦੇ ਰਹਿੰਦੇ ਸਨ। ਕਰਨਲ ਸਾਹਿਬ ਸਮੇਂ ਸਮੇਂ ਜੱਥੇ ਨੂੰ ਦੁਫਾੜ ਹੋਣ ਤੋਂ ਬਚਾਉਣ ਲਈ ਆਪਣੇ ਪੁਰਾਤਨ ਸੰਗੀ ਸਾਥੀਆਂ ਨਾਲ ਮਿਲ ਕੇ ਹਮੇਸ਼ਾਂ ਯਤਨ ਕਰਦੇ ਰਹਿੰਦੇ ਸਨ।

ਇਹ ਵੇਖਣ ਵਿੱਚ ਆਉਂਦਾ ਹੈ ਕਿ ਇੱਕ ਫੌਜੀ, ਹੁਕਮ ਮੰਨਣ ਅਤੇ ਡਿਸਿਪਲਿਨ ਵਿੱਚ ਦ੍ਰਿੜ੍ਹ ਰਹਿਣ ਵਿੱਚ ਜਿਤਨਾ ਪੱਕਾ ਹੁੰਦਾ ਹੈ ਉਤਨਾ ਸਾਧਾਰਨ ਬੰਦਾ ਨਹੀਂ ਹੁੰਦਾ।

ਮੈਨੂੰ ਕਰਨਲ ਪਿਆਰਾ ਸਿੰਘ (ਜੈਪੁਰ ਵਾਸੀ) ਦੀ ਆਖੀ ਗੱਲ ਚੇਤੇ ਆਉਂਦੀ ਹੈ ਕਿ ਸੱਚੇ ਪਾਤਸ਼ਾਹ ਅੰਮ੍ਰਿਤ ਵੇਲੇ ਦੀ ਖਾਲਸਾ ਫੌਜ ਦੀ ਪਰੇਡ (ਨਾਮ ਅਭਿਆਸ ਕਮਾਈ) ਵਿੱਚ ਹਰ ਗੁਰਸਿੱਖ ਦੀ ਹਾਜ਼ਰੀ ਆਪ ਲਗਾਂਦੇ ਹਨ। ਗੈਰ-ਹਾਜ਼ਰਾਂ ਨੂੰ ਕੁੱਝ ਚਿਰ ਤਾਂ ਵੇਖਦੇ ਹਨ ਪਰ ਉਹਨਾਂ ਵਲੋਂ ਕੀਤੀ ਗਈ ਅਣਗਹਿਲੀ ਅਤੇ ਲਗਾਤਾਰ ਗੈਰ-ਹਾਜ਼ਰੀ ਕਾਰਨ ਉਹਨਾਂ ਦਾ ਨਾਮ ਆਪਣੇ ਰਜਿਸਟਰ ਵਿਚੋਂ ਕੱਟ ਦਿੰਦੇ ਹਨ। ਕਰਨਲ ਦਲਜੀਤ ਸਿੰਘ ਜੀ ਭੀ ਫੌਜੀ ਸਨ। ਇਹਨਾਂ ਵਿਚ ਜਿਥੇ ਹੋਰ ਦੈਵੀ ਗੁਣ ਸਨ ਉਥੇ ਗੁਰੂ ਹੁਕਮਾਂ ਉੱਤੇ ਆਪ ਕਰੜਾਈ ਨਾਲ ਪਹਿਰਾ ਦਿੰਦੇ ਸਨ। ਅੰਮ੍ਰਿਤ ਵੇਲੇ ਦੀ ਸੰਭਾਲ ਦੀ ਆਪ ਉੱਪਰ ਬਖਸ਼ਿਸ਼ ਹੋਈ ਹੋਈ ਸੀ। ਆਪ ਗੁਰੂ ਗੁਰੂ ਜਪਦੇ, ਮਿੱਠਾ ਬੋਲਦੇ ਅਤੇ ਸਰਬੱਤ ਦੇ ਭਲੇ ਵਿੱਚ ਆਪਣਾ ਯੋਗਦਾਨ ਪਾਉਂਦੇ 5 ਅਪ੍ਰੈਲ 1996 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਧੰਨ ਗੁਰੂ, ਧੰਨ ਗੁਰੂ ਪਿਆਰੇ।

*****

(ਪੰਨਾ ੩੭ ਦਾ ਬਾਕੀ......)

in the gamble of worldliness. The unsatiable desire for worldliness is like incurable disease and a person even forgets about the impending death. Outwordly a person engages in study of holy scriptures, but fails to abide by the teaching of Nam meditation. His wordiy craze makes demon of such a person. Says Nanak, those, who abondone the Eternal Nam in favour of unsatiable desires, have lost the apportunity of an accomplished life in their gambling choice.-19

ਜੀਅਹੁ ਨਿਰਮਲ ਬਾਹਰਹੁ ਨਿਰਮਲ।। ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ।। ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ।। ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ।। ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ।।੨੦।।

Those, who engage in Nam meditation and live as ordained by the Guru, are pure of mind and body. Pure of body and mind are those , who live in accordance with Guru's teachings. Pure that they are. they shun false hood. Such is there re-solve ! They have truely bargained, those who have accomplished the purpose of rare human life. Says Nanak, those pure of mind always abide by the Guru .........20

*****



www.AKJ.Org

# ਗੁਰਮਤਿ ਗੁਹਜ ਕਲਾ ਪ੍ਰਗਟਾਈ

(ਅਮਰੀਕ ਸਿੰਘ 'ਗਰੀਬ')

ਸ੍ਰੀ ਸਤਿਗੁਰ ਚਰਨਨ ਮਹਿ ਸੀਸ ਝੁਕਾਇ, ਕਰਿ ਡੰਡਉਤ ਗੁਰ ਫਤਹਿ ਬੁਲਾਵਉਂ।
ਸ੍ਰੀ ਪੰਚਮ ਸਤਿਗੁਰ *'ਬਾਣੀ ਕੇ ਬੋਹਿਥ'* ਕੋਟ ਕੋਟ ਤਿਨ ਕਉ ਨਮਸਕਾਰਉਂ।
*'ਧੁਰ ਕੀ ਬਾਣੀ'* ਜਿਨ ਮੁਖ ਤੇ ਉਚਾਰੀ, ਤਿਸ ਸਤਿਗੁਰ ਕਉ ਬਲ ਜਾਉਂ।
ਤਨ ਮਨ ਧਨ ਅਰਪਉਂ ਸਭ ਗੁਰ ਕਉ, ਦਰਸ ਪਰਸਿ ਤਿਨਕੇ ਗੁਨ ਗਾਉਂ।
*'ਨਿਰਮੋਲਕ ਹੀਰਾ'* ਬਖਸ਼ਿਆ ਸਿੱਖਨ ਕਉ, ਕੀਰਤਨ ਦੀ ਜਿਨ ਛਹਿਬਰ ਲਾਈ।
ਸਮਰਥ ਗੁਰੂ ਮਸਤਕ ਹੱਥ ਰਾਖਿ, ਕੀਰਤਨ ਕੀ ਜਿਨ ਜਾਂਚ ਸਿਖਾਈ।
ਕਲਜੁਗ ਮਹਿ ਪਰਧਾਨ ਹੈ ਕੀਰਤਨ, ਸੋ ਤੱਤ ਵਸਤ ਹਮ ਤਕ ਪਹੁੰਚਾਈ।
ਗੁਰਬਾਣੀ ਜੁ ਨਿਰੰਕਾਰ ਹੈ, ਜਿਸ ਜੇਵਡ ਹੋਰ ਸਕਤਿ ਨ ਕਾਈ।
ਧੁਰ ਦਰਗਾਹੋਂ ਲਿਆਇ ਹੈ ਬਖਸ਼ੀ, ਹੋਰ ਵਸਤ ਦੀ ਲੋੜ ਨ ਕਾਈ।
ਸਤਿਗੁਰ ਸਾਂਤ ਸੀਤਲ ਸੁਖਦਾਇਕ, ਕੋਟ ਚੰਦਨ ਮਹਿ ਜੁ ਠੰਢ ਨਾਹੀਂ।
ਐਸੇ ਮਿਹਰਵਾਨ ਕ੍ਰਿਪਾਨਿਧਿ, ਆਨ ਦੇਵ ਮਹਿ ਦਇਆ ਜੁ ਨਾਹੀਂ।
ਗੁਰਮਤ ਰਹਿਣੀ ਪਰ ਖੁਦ ਚਲਕੇ, ਪ੍ਰਿਅ ਗੁਰਸਿੱਖਨ ਕਉ ਦਰਸਾਈ।
ਪ੍ਰਥਮੇ ਸ਼ਹੀਦੀ ਆਪ ਪਾਇਕੇ, ਸ਼ਹੀਦੀ ਕੀ ਜਿਨ ਜੋਤ ਜਗਾਈ।
*'ਸ਼ਹੀਦਾਂ ਕੇ ਸਿਰਤਾਜ'* ਸਤਿਗੁਰ, ਜਿਨ ਭਾਣਾ ਮੰਨਣ ਦੀ ਜਾਂਚ ਸਿਖਾਈ।
ਜਨਮਤ ਹੀ ਗੁਰਮਤ ਬ੍ਰਹਮ ਪਛਾਣਕੈ, ਗੁਰਮਤ ਬ੍ਰਹਮਕਲਾ ਦਰਸਾਈ।
ਸਹਿਜ ਜੋਗ ਬਖਸ਼ਿਆ ਸਿਖਨ ਕਉ, ਗੁਰਮਤਿ ਗੁਹਜ ਕਲਾ ਪ੍ਰਗਟਾਈ।

## ---- ਰਿਸ਼ਤੇ ਨਾਤੇ ----

ਨੋਟ :– (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। (੨) ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ 'ਸੂਰਾ' ਦਫਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇੱਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫਾਫਾ ਬਿਨਾ ਕਿਸੇ ਪਤੇ ਲਿਖੇ ਤੇ ਜ਼ਰੂਰ ਭੇਜੋ ਜੀ।

LD-67 ੨੪ ਸਾਲਾ, ਕੱਦ ਪ'੪", ਬੀ. ਏ. ਬੀ. ਐਡ. ਐਮ. ਏ. ਭਾਗ ਪਹਿਲਾ ਵਿੱਚ ਪੜ੍ਹ ਰਹੀ ਗੁਰਸਿੱਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-68 ੨੨ ਸਾਲਾ ਕੱਦ ਪੰਜ ਫੁੱਟ, ਢਾਈ ਇੰਚ, ਬੀ. ਐਸ. ਸੀ. ਮੈਡੀਕਲ ਅਤੇ ਬੀ. ਐਡ. ਪਾਸ ਅਖੰਡ ਪਾਠੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-69 ੨੩ ਸਾਲਾ,ਕੱਦ ਪ'੧੧", ਆਈ.ਟੀ.ਆਈ. ਪਾਸ ਆਪਣਾ ਕਾਰੋਬਾਰ ਕਰਦੇ ੩੦੦੦ ਰੂ ਮਾਸਿਕ ਆਮਦਨ ਵਾਲੇ ਕੀਰਤਨੀ ਤੇ ਪਾਠੀ ਸਿੰਘ ਲਈ ਬੀਬੀ ਦੀ ਲੋੜ ਹੈ।

LD-70 ੨੩ ਸਾਲਾ ਕੱਦ ਪੰਜ ਫੁੱਟ, ਡੇਢ ਇੰਚ, ਬੀ. ਏ. (ਦੂਜਾ ਸਾਲ) ਪਾਸ ਸਿਲਾਈ ਕਟਾਈ ਜਾਣਦੀ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-71 ੨੪ ਸਾਲਾ ਕੱਦ ਪ'੧" ਐਮ. ਏ. ਬੀ. ਐਡ. ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-72 ੨੪ ਸਾਲਾ ਕੱਦ ਪ'੩", ਬੀ. ਐਸ. ਸੀ. ਮੈਡੀਕਲ, ਬੀ. ਐਡ. ਅਤੇ ਫਾਰਮੇਸੀ ਡਿਪਲੋਮਾ ਪਾਸ ਬੀਬੀ ਲਈ ਡਾਕਟਰ, ਇੰਜੀਨੀਅਰ ਜਾ ਚੰਗੇ ਸਥਾਪਤ ਕਾਰੋਬਾਰ ਵਾਲੇ ਵਰ ਦੀ ਲੋੜ ਹੈ।

LD-73 ੨੮ ਸਾਲਾ ਕੱਦ ਪ'੩" ਕਾਨਵੇਂਟ ਸਕੂਲ ਤੋਂ ਪੜ੍ਹੀ, ਬੀ.ਐਸ.ਸੀ., ਐਮ.ਏ., ਬੀ.ਐਡ. ਅਤੇ ਐਮ.ਐਸ.ਸੀ. ਪੜ੍ਹ ਰਹੀ ੪੫੦੦/– ਰੂ ਮਾਸਿਕ ਤੇ ਸਰਕਾਰੀ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-74 ਸਾਢੇ ਤੇਈ ਸਾਲਾ ਕੱਦ ਪ', ਐਮ.ਏ.(ਪੰਜਾਬੀ) ਪਾਸ ਬੀ. ਐਡ. ਕਰ ਰਹੀ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਜਾਣਦੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-75 ਸਾਢੇ ਪੰਝੀ ਸਾਲਾ ਕੱਦ ਪ'੫", ਐਮ.ਕੌਮ. ਬੀ.ਐਡ., ਪਬਲਿਕ ਸਕੂਲ ਵਿੱਚ ਸੈਕੰਡਰੀ ਕਲਾਸਾ ਲਈ ਹਿਸਾਬ ਅਤੇ ਅੰਗਰੇਜ਼ੀ ਲਈ ਅਧਿਆਪਕ ਦੀ ਨੌਕਰੀ ਕਰ ਰਹੀ, ਕਲਾਸੀਕਲ ਕੀਰਤਨ ਜਾਣਦੀ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-76 ੨੫ ਸਾਲਾ, ਕੱਦ ਪ'੬", ਬੀ. ਏ. ਪਾਸ, ਆਪਣਾ ਕਾਰੋਬਾਰ ਕਰਦੇ, ਚੰਗੀ ਆਮਦਨ, ਆਪਣੀ ਜਾਇਦਾਦ ਵਾਲੇ ਕੀਰਤਨੀਏ ਸਿੰਘ ਲਈ ਬੀਬੀ ਦੀ ਲੋੜ ਹੈ।

LD-77 ਸਾਢੇ ੨੬ ਸਾਲਾ ਕੱਦ ੪'੧੧",ਬੀ.ਏ.ਬੀ.ਐਡ.,ਕੰਪਿਊਟਰ ਡਿਪਲੋਮਾ ਪਾਸ, ਸਰਬ ਲੋਹ ਬਿਬੇਕ ਦੇ ਪਹਿਰੇ ਦੀ ਧਾਰਨੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-78 ੨੫ ਸਾਲਾ, ਕੱਦ ਪ'੯", ਮੈਟ੍ਰਿਕ ਪਾਸ, ਆਪਣਾ ਕਾਰੋਬਾਰ ਆਮਦਨ ਲਗਭਗ ੫੦੦੦/– ਮਾਸਿਕ ਆਮਦਨ ਵਾਲੇ ਕੀਰਤਨੀ ਤੇ ਬਿਬੇਕੀ ਪਹਿਰੇ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-79 ੨੫ ਸਾਲਾ, ਕੱਦ ਪ'੭", ਮੈਟ੍ਰਿਕ ਪਾਸ ਆਪਣਾ ਕਾਰੋਬਾਰ (ਸੰਗਮਰਮਰ ਦਾ ਕਾਰੀਗਰ) ੫੦੦੦/– ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-80 ੨੪ ਸਾਲਾ ਕੱਦ ਪ'੭" ਆਪਣਾ ਕਾਰੋਬਾਰ (ਘੜੀਆਂ ਦੀ ਸਪਲਾਈ) ੪੦੦੦/– ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-81 ੨੨ ਸਾਲਾ ਕੱਦ ਪ'੩" ਆਪਣਾ ਕਾਰੋਬਾਰ ਲੰਗਭਗ ੨੦੦੦/–ਰੁ. ਮਾਸਿਕ ਆਮਦਨ ਵਾਲੇ ਹਿੰਦੂ ਪਰਿਵਾਰ ਵਿੱਚੋਂ ਸਜੇ ਸਿੰਘ ਲਈ ਬੀਬੀ ਦੀ ਲੋੜ ਹੈ।

LD-82 ੨੩ ਸਾਲਾ ਕੱਦ ਪ'੭", ਮੈਟ੍ਰਿਕ ਪਾਸ, ਆਪਣਾ ਕਾਰੋਬਾਰ (ਮੁਨਿਆਰੀ ਦੇ ਸਾਮਾਨ ਦੀ ਸਪਲਾਈ) ੩੫੦੦/– ਮਾਸਿਕ ਆਮਦਨ ਵਾਲੇ ਕੀਰਤਨੀਏ ਸਿੰਘ ਲਈ ਬੀਬੀ ਦੀ ਲੋੜ ਹੈ।

LD-83 ੨੫ ਸਾਲਾ ਕੱਦ ਪ'੬" ਆਪਣਾ ਕਾਰੋਬਾਰ (ਆਟੋਪਾਰਟਸ ਸਪਲਾਈ) ਕਰਦੇ ੫੦੦੦/– ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

www.AKJ.Org

Regd. No./12245/66 SURA/June/96 P.O. Regd. No. PB/LD/121/96

## ਹੰਸਲੇ ਵੀਰ ਕਰਨਲ ਦਲਜੀਤ ਸਿੰਘ ਜੀ ਮਿੱਠਾਪੁਰ (ਜਲੰਧਰ)



ਪਿਛਲੇ ਚਾਲੀ ਵਰ੍ਹਿਆਂ ਤੋਂ ਅਖੰਡ ਕੀਰਤਨੀ ਜੱਥੇ ਵਿੱਚ ਵਿਚਰਦਿਆਂ, ਗੁਰ ਕ੍ਰਿਪਾ ਦੇ ਪਾਤਰ ਬਣ ਨਾਮ ਜਪਦਿਆਂ, ਗੁਰੂ ਦੇ ਦੱਸੇ ਰਾਹ ਤੇ ਚੱਲਦਿਆਂ ਅਗੰਮੀ ਸੱਦੜੇ ਆਉਣ ਤੇ ਮਿਤੀ 5-4-96 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

## ਸਾਬਤ ਸੂਰਤਿ ਦਸਤਾਰ ਸਿਰਾ

ਇਸ ਵਿਸ਼ੇ ਤੇ ਭਰਪੂਰ ਜਾਣਕਾਰੀ ਲਈ ਹੇਠ ਲਿਖੀਆ ਪੁਸਤਕਾਂ 'ਸੂਰਾ' ਦਫਤਰ ਤੋਂ ਮੰਗਵਾ ਕੇ ਪੜ੍ਹੋ ਜੀ :-

1. ਗੁਰਸਿੱਖ ਰਹਿਣੀ..... 2.00 ਰੁਪਏ 2. ਕੇਸਕੀ.....2.50 ਰੁਪਏ

3. ਸਾਬਤ ਸੂਰਤਿ ਦਸਤਾਰ ਸਿਰਾ......4.00 ਰੁਪਏ

ਨੋਟ :- ਡਾਕ ਖਰਚਾ ਵੱਖਰਾ ਹੋਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦੀਆਂ ਪੋਥੀਆਂ ਤੇ ਗੁਟਕਿਆਂ ਦੇ ਬਿਰਧ ਸਰੂਪਾਂ ਦੀ ਸੰਭਾਲ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ– ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ (ਅੰਗੀਠਾ ਸਾਹਿਬ), ਸ਼ਹੀਦ ਬਾਬਾ ਦੀਪ ਸਿੰਘ ਨਗਰ, (ਵੱਡੀ ਨਦੀ ਪਾਰ)। ਪਟਿਆਲਾ।

## ਗੁਰੂ ਕੀ ਵਡਾਲੀ ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਗੁ: ਜਨਮ ਅਸਥਾਨ ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 8 ਜੂਨ ਰਾਤ ਨੂੰ ਹੋਵੇਗਾ।

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸੰਤਪੁਰਾ ਨੇੜੇ ਪਟਿਆਲਾ ਗੇਟ ਸੰਗਰੂਰ ਵਿਖੇ 8 ਜੂਨ ਰਾਤ ਨੂੰ

ਗੁ: ਪਾ: ਛੇਵੀਂ, ਬਾਸਾਂ ਵਾਲਾ ਬਾਜ਼ਾਰ, ਫਗਵਾੜਾ ਵਿਖੇ ਰੈਣਿ ਸਬਾਈ ਕੀਰਤਨ 8 ਜੂਨ ਰਾਤ ਨੂੰ।

## ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਅਖੰਡ ਪਾਠ ਤੇ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ 23 ਜੂਨ ਸਵੇਰ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਸਮਾਗਮ ਦੁਪਹਿਰ ਤੱਕ।

## ਗੁ: ਚੇਲਿਆਣਾ ਸਾਹਿਬ ਮਹਿਸਮਪੁਰ (ਜ਼ਿਲਾ ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ

4 ਜੁਲਾਈ ਵੀਰਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਸ਼ਾਮ ਨੂੰ ਰੈਣਿ ਸਬਾਈ ਕੀਰਤਨ।

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ 118ਵੇਂ ਜਨਮ ਦਿਹਾੜੇ ਦੇ ਸੰਬੰਧ ਵਿੱਚ ਨਾਰੰਗਵਾਲ ਵਿ[illegible] ਸਾਲਾਨਾ ਅਖੰਡ ਕੀਰਤਨ ਸਮਾਗਮ

3-7-96 ਸ਼ਾਮ 7 ਤੋਂ 9 ਕੀਰਤਨ ਗੁ: ਸਾਹਿਬ ਹਵੇਲੀ ਵਿਖੇ

4-7-96 ਵੀਰਵਾਰ ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡਪਾਠ ਸਾਹਿਬ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਤੋਂ 9 ਕੀਰਤਨ ਗੁ: ਅਕਾਲੀਵਾਲਾ ਵਿਖੇ।

5-7-96 ਸ਼ੁੱਕਰਵਾਰ ਸਵੇਰੇ 5 ਤੋਂ 11 ਕੀਰਤਨ ਗੁ: ਅਕਾਲੀਵਾਲਾ ਵਿਖੇ। ਸ਼ਾਮ 7 ਤੋਂ 9 ਕੀਰਤਨ ਗੁ: ਅਕਾਲੀਵਾਲਾ ਵਿਖੇ

6-7-96 ਸ਼ਨੀਵਾਰ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਵਜੇ ਸੋ ਦਰੁ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਸਾਹਿਬ ਅਕਾਲੀਵਾਲਾ ਵਿਖੇ।

7-7-96 ਸਮਾਪਤੀ 5 ਵਜੇ ਸਵੇਰੇ।

ਅੰਮ੍ਰਿਤ ਸੰਚਾਰ :- ਗੁ: ਅਕਾਲੀਵਾਲਾ ਵਿਖੇ 6 ਜੁਲਾਈ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

ਗੱਡੀ ਦਾ ਪ੍ਰਬੰਧ :- ਸਾਰੇ ਸਮਾਗਮਾਂ ਵਾਸਤੇ ਸੰਗਤਾਂ ਨੂੰ ਲਿਜਾਣ ਤੇ ਲਿਆਉਣ ਲਈ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਤੋਂ ਸਵੇਰੇ 5 ਵਜੇ ਅਤੇ ਸ਼ਾਮ ਨੂੰ 6 ਵਜੇ ਬੱਸ ਚੱਲੇਗੀ। 6 ਤਾਰੀਖ ਨੂੰ ਸਵੇਰੇ ਅਤੇ ਸ਼ਾਮ ਇਕ ਤੋਂ ਵੱਧ ਗੇੜੇ ਲਾਏ ਜਾਣਗੇ। 6 ਤਾਰੀਖ ਸਵੇਰੇ ਅਖੀਰਲਾ ਗੇੜਾ 7.30 ਵਜੇ ਅਤੇ ਸ਼ਾਮ ਨੂੰ ਅਖੀਰਲਾ ਗੇੜਾ 8 ਵਜੇ ਲਗਾਇਆ ਜਾਵੇਗਾ। ਹੋਰ ਪੁੱਛਗਿੱਛ ਲਈ: ਭਾਈ ਹਰਬੰਸ ਸਿੰਘ ਬੰਬੇ ਵਾਲੇ ਫੋਨ 28865. –ਸਮੂਹ ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜੱਥਾ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਰਿਪੁਦਮਨ ਸਿੰਘ ਕੈਨੇਡਾ | ੫੦੦੦/– | ਹ.ਪ. ਸਿੰਘ ਏਜੰਸੀ ਦਿੱਲੀ | ੫੦੦/– |
| ਭਾਈ ਚਰਨਜੀਤ ਸਿੰਘ ਬੈਰਿੰਗ ਵਾਲੇ ਲੁਧਿਆਣਾ | ੫੦੦/– | ਭਾਈ ਸਤਿਨਾਮ ਸਿੰਘ ਦਿੱਲੀ | ੨੫੦/– |
| ਭਾਈ ਗੁਰਚਰਨ ਸਿੰਘ ਵਾਰਾਨਸੀ | ੪੨੦/– | (ਬੀਬੀ ਜਸਵੰਤ ਕੌਰ ਦੀ ਯਾਦ ਵਿੱਚ) | |
| ਬੀਬੀ ਤੇਜ ਕੌਰ ਦਿੱਲੀ ਦੀ ਯਾਦ ਵਿੱਚ | ੫੦੦/– | | |

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org